# ਗੀਤ ਕਦੇ ਮਰਦਾ ਨਹੀਂ:
# ਕੈਮਲੂਪਸ ਦੀਆਂ ਮੱਛੀਆਂ ਨਾਟਕ ਦੀ ਆਲੋਚਨਾ

**ਸਾਧੂ ਬਿਨਿੰਗ**

**ਸੁਖਵੰਤ ਹੁੰਦਲ**

*(ਇਸ ਲੇਖ ਵਿਚ ਪੰਜਾਬੀ ਨਾਟਕਕਾਰ ਆਤਮਜੀਤ ਵਲੋਂ 1996 ਦੌਰਾਨ ਕਨੇਡੇ ਵਿਚ ਖੇਡੇ ਗਏ ਨਾਟਕ ਕੈਮਲੂਪਸ ਦੀਆਂ ਮੱਛੀਆਂ ਵਿਚ ਕਨੇਡੀਅਨ ਪੰਜਾਬੀ ਲੋਕਾਂ ਦੇ ਜੀਵਨ ਦੀ ਪੇਸ਼ਕਾਰੀ ਦੀ ਆਲੋਚਨਾ ਕੀਤੀ ਗਈ ਹੈ। ਇਸ ਲੇਖ ਵਿਚ ਪੇਸ਼ ਕੀਤੇ ਵਿਚਾਰ ਸਿਰਫ ਇਸ ਨਾਟਕ ਜਾਂ ਨਾਟਕਕਾਰ ਤੱਕ ਹੀ ਸੀਮਤ ਨਹੀਂ, ਸਗੋਂ ਇਹ ਵਿਚਾਰ ਬਹੁ ਗਿਣਤੀ ਪੰਜਾਬੀ ਬੁੱਧੀਜੀਵੀਆਂ ਤੇ ਲੇਖਕਾਂ ਵਲੋਂ ਬਾਹਰ ਵਸਦੇ ਪੰਜਾਬੀਆਂ ਪ੍ਰਤਿ ਅਪਣਾਈ ਜਾਂਦੀ ਪਹੁੰਚ 'ਤੇ ਵੀ ਕਿੰਤੂ ਕਰਦੇ ਹਨ। ਇਹ ਲੇਖ ਪਹਿਲੀ ਵਾਰ 1997 ਵਿੱਚ ਸਿਰਜਣਾ ਵਿੱਚ ਛਪਿਆ ਸੀ। ਹੁਣ ਅਸੀਂ ਇਸ ਨੂੰ ਵਤਨ ਦੇ ਵੈੱਬਸਾਈਟ ਉੱਪਰ ਛਾਪ ਰਹੇ ਹਾਂ ਤਾਂ ਕਿ ਇਹ ਹੋਰ ਪਾਠਕਾਂ ਤੱਕ ਪਹੁੰਚ ਸਕੇ - ਲੇਖਕ)*

ਪਿਛਲੇ ਦਿਨੀ (ਨਵੰਬਰ-ਦਸੰਬਰ, 1996) ਕਨੇਡਾ ਦੇ ਮੁੱਖ ਸ਼ਹਿਰਾਂ, ਟਰਾਂਟੋ, ਵੈਨਕੂਵਰ, ਐਡਮੰਟਨ ਅਤੇ ਕੈਲਗਰੀ ਵਿਚ ਪੰਜਾਬੀ ਦੇ ਸਿਰਮੌਰ ਨਾਟਕਕਾਰ ਡਾਕਟਰ ਆਤਮਜੀਤ ਦੇ ਨਾਟਕ *ਕੈਮਲੂਪਸ ਦੀਆਂ ਮੱਛੀਆਂ* ਦੀ ਪੇਸ਼ਕਾਰੀ ਕੀਤੀ ਗਈ। ਕਨੇਡਾ ਦੇ ਪੰਜਾਬੀ ਰੰਗਮੰਚ ਵਿਚ ਇਸ ਨਾਲ ਕਾਫੀ ਵਧੀਆ ਹਲਚਲ ਹੋਈ ਤੇ ਸਿਹਤਮੰਦ ਸਭਿਆਚਾਰਕ ਸਰਗਰਮੀਆਂ ਵਿਚ ਇਕ ਨਵਾਂ ਉਤਸ਼ਾਹ ਦੇਖਣ ਵਿਚ ਆਇਆ। ਇਸ ਨਾਟਕ ਨਾਲ ਕਨੇਡਾ ਦੇ ਪੰਜਾਬੀ ਰੰਗਮੰਚ ਦੇ ਨਿਰੰਤਰ ਹੋ ਰਹੇ ਵਿਕਾਸ ਵਿਚ ਇਕ ਨਵਾਂ ਕਾਂਢ ਸ਼ਾਮਲ ਹੋਇਆ ਹੈ। ਸਾਨੂੰ ਪੂਰੀ ਉਮੀਦ ਹੈ ਕਿ ਆਤਮਜੀਤ ਆਪਣੀਆਂ ਕੋਸ਼ਿਸ਼ਾਂ ਨਾਲ ਕਨੇਡਾ ਦੇ ਰੰਗਮੰਚ ਵਿਚ ਇਸੇ ਤਰ੍ਹਾਂ ਯੋਗਦਾਨ ਪਾਉਂਦਾ ਰਹੇਗਾ।

*ਕੈਮਲੂਪਸ ਦੀਆਂ ਮੱਛੀਆਂ* ਅੱਠ ਦ੍ਰਿਸ਼ਾਂ ਵਾਲਾ ਪੂਰਾ ਨਾਟਕ ਹੈ ਜਿਸ ਵਿਚ ਸੰਗੀਤ ਤੇ ਮੰਚ-ਸਜਾ ਦੀਆਂ ਸਾਰੀਆਂ ਵਿਧੀਆਂ ਦਾ ਯਥਾਯੋਗ ਪ੍ਰਯੋਗ ਕੀਤਾ ਗਿਆ ਹੈ। ਕਨੇਡਾ/ਅਮਰੀਕਾ ਵਿਚ ਰਹਿ ਰਹੇ ਪੰਜਾਬੀਆਂ ਦੇ ਜੀਵਨ ਬਾਰੇ ਆਪਣੇ ਨਾਟਕ ਨੂੰ ਕੈਲਗਰੀ ਦੇ ਰੰਗਕਰਮੀਆਂ ਦੇ ਸੱਦੇ 'ਤੇ ਆਤਮਜੀਤ ਨੇ ਆਪ ਹੀ ਡਾਇਰੈਕਟ ਕੀਤਾ ਹੈ। ਕੈਲਗਰੀ ਅਤੇ ਐਡਮੰਟਨ ਦੇ ਕਲਾਕਾਰਾਂ ਨੇ ਇਕ ਵਾਰ ਫੇਰ ਪੰਜਾਬੀ ਰੰਗਮੰਚ ਵੱਲ ਆਪਣੀ ਪ੍ਰਤਿਬੱਧਤਾ ਦਾ ਨਿੱਗਰ ਸਬੂਤ ਦਿੱਤਾ ਹੈ ਅਤੇ ਨਾਲ ਹੀ ਆਪਣੀ ਕਲਾ ਦਾ ਭਰਪੂਰ ਨਮੂਨਾ ਪੇਸ਼ ਕੀਤਾ ਹੈ।

ਪੰਜਾਬ ਦੇ ਨਾਟਕਕਾਰਾਂ ਅਤੇ ਨਿਰਦੇਸ਼ਕਾਂ ਦੀ ਮਿਲਵਰਤੋਂ ਨਾਲ ਕਨੇਡਾ ਦੇ ਰੰਗਕਰਮੀਆਂ ਵਲੋਂ ਇਸ ਤੋਂ ਪਹਿਲਾਂ ਵੀ ਅਜਿਹੀਆਂ ਕੋਸ਼ਿਸ਼ਾਂ ਹੋਇਆਂ ਹਨ। ਦੋ ਸਾਲ ਪਹਿਲਾਂ ਆਤਮਜੀਤ ਟਰਾਂਟੋ ਵਿਚ ਰਵਿੰਦਰ ਗਿੱਲ ਦੇ ਲਿਖੇ ਨਾਟਕ *ਅਸੀਂ ਹੋਏ ਪ੍ਰਦੇਸੀ* ਦੀ ਨਿਰਦੇਸ਼ਨਾ ਕਰ ਚੁੱਕੇ ਹਨ। 1996 ਵਿਚ ਕੇਵਲ ਧਾਲੀਵਾਲ ਨੇ ਐਡਮੰਟਨ ਦੇ ਕਲਾਕਾਰਾਂ ਕੋਲੋਂ ਆਪਣੇ ਦੋ ਨਾਟਕ *ਤਰਕਾਲਾਂ* ਅਤੇ *ਕੁਦੇਸਣ* ਤਿਆਰ ਕਰਵਾਏ ਅਤੇ ਬਹੁਤ ਹੀ ਕਾਮਯਾਬੀ ਨਾਲ ਕਨੇਡਾ ਦੇ ਵੱਖਰੇ ਵੱਖਰੇ ਸ਼ਹਿਰਾਂ ਵਿਚ ਪੇਸ਼ ਕੀਤੇ। ਸੰਨ 1985 ਵਿਚ ਗੁਰਸ਼ਰਨ ਸਿੰਘ ਨੇ ਵੈਨਕੂਵਰ ਦੇ ਕਲਾਕਾਰਾਂ ਨੂੰ ਲੈ ਕੇ ਕੁੱਝ ਨਾਟਕ ਤਿਆਰ ਕਰਵਾਏ ਸਨ ਅਤੇ ਪੇਸ਼ ਕੀਤੇ ਸਨ ਅਤੇ ਫੇਰ 1995 ਦੀ ਫੇਰੀ ਸਮੇਂ ਆਪਣੇ ਹੋਰ ਨਾਟਕਾਂ ਦੇ ਨਾਲ ਨਾਲ ਕਨੇਡਾ/ਅਮਰੀਕਾ ਦੇ ਜੀਵਨ ਬਾਰੇ ਇਕ ਨਾਟਕ *ਸੰਤਾਪ* ਵੀ ਪੇਸ਼ ਕੀਤਾ। ਕਨੇਡਾ ਦੇ ਪੰਜਾਬੀ ਰੰਗਮੰਚ ਵਿਚ ਇਹ ਨਿੱਗਰ ਵਾਧੇ ਹਨ ਅਤੇ ਅਸੀਂ ਸਾਰੇ ਇਸ ਗੱਲ ਤੇ ਮਾਣ ਕਰ ਸਕਦੇ ਹਾਂ ਕਿ ਕਨੇਡਾ ਵਿਚ ਪੰਜਾਬੀ ਰੰਗਮੰਚ ਲਗਾਤਾਰ ਵਿਕਾਸ ਕਰ ਰਿਹਾ ਹੈ ਅਤੇ ਇਸ ਵਿਚ ਨਵੇਂ ਨਵੇਂ ਤਜਰਬੇ ਹੋ ਰਹੇ ਹਨ। ਵੈਨਕੂਵਰ, ਐਡਮੰਟਨ ਤੇ ਕੈਲਗਰੀ ਦੇ ਨਾਲ ਨਾਲ ਹੁਣ ਟਰਾਂਟੋ ਵਿਚ ਵੀ ਰੰਗਮੰਚ ਦੀਆਂ ਸਰਗਰਮੀਆਂ ਹੋਣੀਆਂ ਸ਼ੁਰੂ ਹੋ ਗਈਆਂ ਹਨ। ਉੱਪਰ ਵਿਚਾਰੇ ਨਾਟਕਕਾਰਾਂ ਤੋਂ ਬਿਨਾਂ ਪੰਜਾਬ ਤੋਂ ਹਰਚਰਨ ਸਿੰਘ, ਹਰਪਾਲ ਟਿਵਾਣਾ ਤੇ ਹੋਰ ਲੋਕ ਵੀ ਸਮੇਂ ਸਮੇਂ ਕਨੇਡਾ ਵਿਚ ਨਾਟਕ ਕਰਨ ਆਉਂਦੇ ਹਨ ਤੇ ਸਥਾਨਕ ਕਲਾਕਾਰ ਉਨ੍ਹਾਂ ਵਿਚ ਹਿੱਸਾ ਲੈਂਦੇ ਹਨ। ਕਨੇਡਾ ਦੇ ਸਥਾਨਕ ਨਾਟਕਕਾਰ ਵੀ ਲਗਾਤਾਰ ਸਰਗਰਮੀ ਨਾਲ ਨਾਟਕ ਲਿਖ ਤੇ ਕਰ ਰਹੇ ਹਨ। ਏਥੋਂ ਦੇ ਸੁਹਿਰਦ ਰੰਗਕਰਮੀਆਂ ਦੀਆਂ ਇਨ੍ਹਾਂ ਕੋਸ਼ਿਸ਼ਾਂ ਨਾਲ ਪੰਜਾਬ ਤੋਂ ਬਾਹਰ ਪੰਜਾਬੀ ਰੰਗਮੰਚ ਵਾਸਤੇ ਕਨੇਡਾ ਇਕ ਵਿਲੱਖਣ ਕੇਂਦਰ ਦੇ ਤੌਰ ਤੇ ਸਥਾਪਤ ਹੋ ਰਿਹਾ ਹੈ।

ਇਸ ਵਿਕਾਸ ਨੂੰ ਹੋਰ ਵੀ ਤੀਖਣਤਾ ਨਾਲ ਚੱਲਦਾ ਰੱਖਣ ਲਈ ਅਤੇ ਸਿਹਤਮੰਦ ਦਿਸ਼ਾ ਵੱਲ ਲਿਜਾਣ ਵਾਸਤੇ ਇਹ ਜ਼ਰੂਰੀ ਹੈ ਕਿ ਅਸੀਂ ਏਥੋਂ ਦੇ ਜੀਵਨ ਬਾਰੇ ਪੇਸ਼ ਕੀਤੇ ਮੌਲਿਕ ਨਾਟਕਾਂ ਦਾ ਪੂਰੀ ਸੁਹਿਰਦਤਾ ਤੇ ਗੰਭੀਰਤਾ ਨਾਲ ਨੋਟਿਸ ਲਈਏ। ਉਨ੍ਹਾਂ ਦੀ ਪੇਸ਼ਕਾਰੀ ਅਤੇ ਨਾਟਕਾਂ ਵਿਚ ਪੇਸ਼ ਕੀਤੇ ਨਜ਼ਰੀਏ ਤੇ ਵਿਚਾਰਾਂ ਦਾ ਮੁਲਾਂਕਣ ਕਰੀਏ ਤਾਂ ਕਿ ਇੱਥੇ ਸਿਰਫ ਪੰਜਾਬੀ ਰੰਗਮੰਚ ਵਿਕਾਸ ਹੀ ਨਾ ਕਰੇ ਸਗੋਂ ਅਜੋਕੀ ਪੰਜਾਬੀ ਸੋਚ ਤੇ ਸਮਾਜ ਨੂੰ ਨਰੋਆ ਬਣਾਉਣ ਵਿਚ ਆਪਣਾ ਯੋਗਦਾਨ ਵੀ ਪਾਵੇ।

ਇਸੇ ਇਰਾਦੇ ਨਾਲ ਅਸੀਂ ਆਤਮਜੀਤ ਦੇ ਨਾਟਕ *ਕੈਮਲੂਪਸ ਦੀਆਂ ਮੱਛੀਆਂ* ਦੇਖਣ ਬਾਅਦ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਨ ਦਾ ਮਨ ਬਣਾਇਆ ਹੈ।

ਡਾਕਟਰ ਆਤਮਜੀਤ ਸਾਡਾ ਸਥਾਪਤ ਤੇ ਸਨਮਾਨਤ ਨਾਟਕਕਾਰ ਹੈ। ਆਤਮਜੀਤ ਤੇ ਉਹਦੇ ਸਾਥੀਆਂ ਵਲੋਂ ਕਾਫੀ ਦੇਰ ਪ੍ਰਕਾਸ਼ਤ ਕੀਤੇ ਜਾਂਦੇ ਰਹੇ ਪਰਚੇ *ਮੰਚਣ* ਰਾਹੀਂ ਉਸ ਨੇ ਰੰਗਮੰਚ ਦੇ ਖੇਤਰ ਵਿਚ ਆਪਣੇ ਆਪ ਨੂੰ ਇਕ ਗੰਭੀਰ ਬੁੱਧੀਜੀਵੀ ਦੇ ਤੌਰ ਤੇ ਵੀ ਸਥਾਪਤ ਕੀਤਾ। ਉਹ ਆਪਣੇ ਕੰਮਾਂ ਵਲ ਨਿਹਾਇਤ ਹੀ ਸੰਜੀਦਾ ਅਤੇ ਸੁਹਿਰਦ ਕਿਸਮ ਦੀ ਗੰਭੀਰ ਪਹੁੰਚ ਅਪਣਾਉਂਦਾ ਹੈ। ਆਪਣੀ ਇਸ ਪਹੁੰਚ ਸਦਕਾ ਉਹ ਆਪਣੇ ਦਰਸ਼ਕਾਂ ਅਤੇ ਪਾਠਕਾਂ ਕੋਲੋਂ ਇਕ ਵਿਸ਼ੇਸ਼ ਕਿਸਮ ਦਾ ਸਤਿਕਾਰ ਮੰਗਦਾ ਅਤੇ ਹਾਸਲ ਕਰਦਾ ਹੈ। ਸਾਡੇ ਮਨ ਵਿਚ ਵੀ ਉਸ ਪ੍ਰਤਿ ਇਹ ਸਤਿਕਾਰ ਹੈ। ਤੇ ਜਦੋਂ ਇਸ ਕਿਸਮ ਦੇ ਵਿਅਕਤੀ ਵਲੋਂ ਰੰਗਮੰਚ ਵਿਚ ਜਾਂ ਸਾਹਿਤ ਵਿਚ ਕੋਈ ਮੌਲਿਕ ਕੋਸ਼ਿਸ਼ ਕੀਤੀ ਜਾਵੇ ਤਾਂ ਉਸ ਕੋਸ਼ਿਸ਼ ਦਾ ਉਸੇ ਸੰਜੀਦਗੀ ਅਤੇ ਸੁਹਿਰਦਤਾ ਨਾਲ ਨੋਟਿਸ ਲਿਆ ਜਾਣਾ ਚਾਹੀਦਾ ਹੈ।

ਨਾਟਕ *ਕੈਮਲੂਪਸ ਦੀਆਂ ਮੱਛੀਆਂ* ਵੱਲ ਸੰਜੀਦਾ ਧਿਆਨ ਦੇਣ ਦਾ ਵਿਸ਼ੇਸ਼ ਕਾਰਨ ਇਹ ਵੀ ਹੈ ਕਿ ਇਸ ਵਿਚ ਕਨੇਡਾ ਅਤੇ ਅਮਰੀਕਾ ਵਿਚ ਰਹਿੰਦੇ ਪੰਜਾਬੀਆਂ/ਭਾਰਤੀਆਂ ਦੇ ਜੀਵਨ ਉੱਤੇ ਵੱਡ-ਅਕਾਰੀ ਝਾਤ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਸੰਬੰਧੀ ਡਾ: ਆਤਮਜੀਤ 29 ਸਤੰਬਰ, 1996 ਦੀ ਅੰਗ੍ਰੇਜ਼ੀ ਟ੍ਰਿਬਿਊਨ ਵਿਚ ਇਸ ਤਰ੍ਹਾਂ ਕਹਿੰਦੇ ਹਨ:

> "ਇਕ ਪੀੜ੍ਹੀ ਦੀ ਥਾਂ ਇਹ ਨਾਟਕ ਚਾਰ ਪੀੜ੍ਹੀਆਂ ਦੀ ਗੱਲ ਕਰੇਗਾ ਕਿਉਂਕਿ ਇਹ ਨਾਟਕ ਸਭਿਆਚਾਰਕ ਤਬਦੀਲੀ ਦੀ ਸਮੁੱਚਤਾ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। (Instead of dealing with one generation, this play is going to address itself to all the four generations because it embraces the entire gamut of cultural transformation.)

ਸਾਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਕੋਈ ਵੀ ਇਕ ਕਿਰਤ ਸਮਾਜ ਦੇ ਸਾਰੇ ਪਹਿਲੂਆਂ ਨੂੰ ਅਪਣੇ ਵਿਚ ਸਮੇਟ ਨਹੀਂ ਸਕਦੀ। ਪਰ ਆਤਮਜੀਤ ਨੇ ਇਹ ਦਾਅਵਾ ਕੀਤਾ ਹੈ ਕਿ ਇਹ ਨਾਟਕ ਕਨੇਡਾ ਵਿਚਲੇ ਪੰਜਾਬੀਆਂ ਦੀਆਂ ਸਭਿਆਚਾਰਕ ਤਬਦੀਲੀਆਂ ਦੀ ਸਮੁੱਚਤਾ ਨੂੰ ਪੂਰਨ ਰੂਪ ਵਿਚ ਪੇਸ਼ ਕਰਦਾ ਹੈ। ਕੀ *ਨਾਟਕ ਕੈਮਲੂਪਸ ਦੀਆਂ ਮੱਛੀਆਂ* ਕਨੇਡਾ ਦੇ ਪੰਜਾਬੀਆਂ ਦੇ ਜੀਵਨ ਅਤੇ ਸਭਿਆਚਾਰਕ ਤਬਦੀਲੀਆਂ ਨੂੰ ਸਮੁੱਚਤਾ ਵਿਚ ਪੇਸ਼ ਕਰ ਸਕਿਆ ਹੈ? ਸਾਡਾ ਵਿਚਾਰ ਹੈ ਨਹੀਂ। ਆਤਮਜੀਤ ਵਲੋਂ ਪੇਸ਼ ਕੀਤੀ ਤਸਵੀਰ ਸਾਨੂੰ ਸਾਡੀ ਤਸਵੀਰ ਨਹੀਂ ਜਾਪਦੀ। ਇਹ ਤਸਵੀਰ ਏਨੀ ਅਧੂਰੀ ਅਤੇ ਨਿਰਾਸ਼ਾਵਾਦੀ ਹੈ ਕਿ ਅਸੀਂ ਉੱਚੀ ਆਵਾਜ਼ ਵਿਚ ਇਹ ਕਹਿਣਾ ਚਾਹੁੰਦੇ ਹਾਂ ਕਿ ਇਹ ਤਸਵੀਰ ਸਾਡੀ ਨਹੀਂ ਹੈ। ਇਸ ਤਸਵੀਰ ਵਿਚ ਸਾਡਾ ਸੌ ਸਾਲ ਦਾ ਇਤਿਹਾਸ ਸ਼ਾਮਲ ਨਹੀਂ ਹੈ। ਇਸ ਤਸਵੀਰ ਵਿਚ ਸਾਡੀਆਂ ਹਜ਼ਾਰਾਂ ਦੀ ਗਿਣਤੀ ਵਿਚ ਆਪਣੇ ਹੱਕਾਂ ਲਈ ਕੀਤੀਆਂ ਗਈਆਂ ਜਦੋਜਹਿਦਾਂ ਸ਼ਾਮਲ ਨਹੀਂ ਹਨ। ਇਸ ਤਸਵੀਰ ਵਿਚ ਸਾਡੀਆਂ ਇਸ ਧਰਤੀ ਵਿਚ ਲੱਗੀਆਂ ਜੜ੍ਹਾਂ ਦਾ ਸਹੀ ਜ਼ਿਕਰ ਨਹੀਂ ਹੈ। ਏਥੋਂ ਦੇ ਜੀਵਨ ਵਿਚ ਸਾਡੀ ਸ਼ਮੂਲੀਅਤ ਦਾ ਜ਼ਿਕਰ ਨਹੀਂ ਹੈ। ਕਨੇਡੀਅਨ ਪੰਜਾਬੀ/ਭਾਰਤੀ ਤੇ ਸਾਊਥ ਏਸ਼ੀਅਨ ਕਮਿਊਨਿਟੀ ਜਿਸ ਤਰੀਕੇ ਨਾਲ ਕਨੇਡੀਅਨ ਸਮਾਜ ਦਾ ਅਟੁੱਟ ਹਿੱਸਾ ਹੈ ਤੇ ਜਿਸ ਤਰ੍ਹਾਂ ਨਾਲ ਅਸੀਂ ਇਸ ਕਮਿਊਨਿਟੀ ਵਿਚ ਵਿਅਕਤੀਗਤ ਪੱਧਰ ਤੇ ਅਤੇ ਕਮਿਊਨਿਟੀ ਦੀ ਪੱਧਰ ਤੇ ਨਿੱਤ ਹਿੱਸਾ ਪਾ ਰਹੇ ਹਾਂ ਇਸ ਤਸਵੀਰ ਵਿਚ ਉਸਦਾ ਨਾਂ ਨਿਸ਼ਾਨ ਨਹੀਂ ਹੈ।

ਇਹ ਦਰਸਾਉਣ ਲਈ ਕਿ ਨਾਟਕ *ਕੈਮਲੂਪਸ ਦੀਆਂ ਮੱਛੀਆਂ* ਵਿਚ ਪੇਸ਼ ਕੀਤੀ ਤਸਵੀਰ ਸਾਡੀ ਨਹੀਂ, ਇਸ ਨਾਟਕ ਨੂੰ ਅਸੀਂ ਤਿੰਨ ਹਿੱਸਿਆਂ ਵਿਚ ਵਿਚਾਰਾਂਗੇ। ਸੱਭ ਤੋਂ ਪਹਿਲਾਂ ਇਹ ਦੇਖਾਂਗੇ ਕਿ ਨਾਟਕ ਵਿਚ ਕੀ ਪੇਸ਼ ਕੀਤਾ ਗਿਆ ਹੈ। ਦੂਜੇ ਹਿੱਸੇ ਵਿਚ ਅਸੀਂ ਕਨੇਡੀਅਨ ਪੰਜਾਬੀ ਜੀਵਨ ਦੇ ਉਹ ਪੱਖ ਵਿਚਾਰਾਂਗੇ ਜੋ ਨਾਟਕਕਾਰ ਨੇ ਅੱਖੋਂ ਉਹਲੇ ਕੀਤੇ ਹਨ ਕਿਉਂਕਿ ਸਾਡੇ ਵਿਚਾਰ ਅਨੁਸਾਰ ਕਲਾਕਾਰ ਜਾਂ ਲੇਖਕ ਸਮਾਜ ਵਿਚੋਂ ਜੋ ਚੁਣਦਾ ਹੈ ਤੇ ਜੋ ਨਹੀਂ ਚੁਣਦਾ, ਇਹ ਦੋਵੇਂ ਚੇਤੰਨ ਫੈਸਲੇ ਹੁੰਦੇ ਹਨ ਅਤੇ ਦੋਵਾਂ ਦੀ ਇਕੋ ਜਿੰਨੀ ਮਹੱਤਤਾ ਹੁੰਦੀ ਹੈ। ਅੰਤ ਵਿਚ ਅਸੀਂ ਇਸ ਨਾਟਕ ਪਿੱਛੇ ਕੰਮ ਕਰਦੀ ਵਿਚਾਰਧਾਰਾ ਜਾਂ ਸੋਚ ਦੀ ਗੱਲ ਕਰਾਂਗੇ ਜਿਸ ਦੇ ਆਧਾਰ 'ਤੇ ਲੇਖਕ ਸਮਾਜ ਵਿਚੋਂ ਸਮੱਗਰੀ ਵਰਤਣ ਤੇ ਰੱਦ ਕਰਨ ਦੇ ਫੈਸਲੇ ਕਰਦਾ ਹੈ।

**ਨਾਟਕ ਵਿਚ ਪੇਸ਼ ਕੀ ਕੀਤਾ ਗਿਆ ਹੈ:**

ਸੱਭ ਤੋਂ ਪਹਿਲਾਂ ਅਸੀਂ ਇਸ ਨਾਟਕ ਵਿਚ ਵਰਤੇ ਮੈਟਾਫਰ (ਰੂਪਕ) ਨੂੰ ਲਈਏ। ਇਹ ਮੈਟਾਫਰ (ਰੂਪਕ) ਸੈਮਨ (ਸਾਲਮਨ) ਮੱਛੀਆਂ ਵਿਚ ਸੰਤਾਨ ਉਤਪਤੀ ਸੰਬੰਧੀ ਪਾਏ ਜਾਂਦੇ ਦਿਲਚਸਪ ਵਰਤਾਰੇ ਨਾਲ ਸੰਬੰਧਤ ਹੈ। ਬ੍ਰਿਟੇਨਿਕਾ ਇਨਸਾਈਕਲੋਪੀਡੀਏ ਵਿਚ ਦਿੱਤੀ ਜਾਣਕਾਰੀ ਅਨੁਸਾਰ ਇਹ ਮੱਛੀਆਂ ਆਪਣੀ ਜ਼ਿੰਦਗੀ ਦੇ ਇੱਕ ਤੋਂ ਤਿੰਨ ਸਾਲ ਖੁੱਲ੍ਹੇ ਸਮੁੰਦਰ ਵਿਚ ਬਿਤਾਉਣ ਬਾਅਦ ਹਜ਼ਾਰਾਂ ਮੀਲਾਂ ਦਾ ਸਫਰ ਤੈਅ ਕਰਕੇ ਆਪਣੇ ਜਨਮ ਵਾਲੀ ਛੋਟੀ ਨਦੀ 'ਤੇ ਪਰਤਦੀਆਂ ਹਨ ਅਤੇ ਉੱਥੇ ਆਂਡੇ ਦੇ ਕੇ ਮਰ ਜਾਂਦੀਆਂ ਹਨ। ਇਹਨਾਂ ਮੱਛੀਆਂ ਦੇ ਸੰਤਾਨ ਉਤਪਤੀ ਸੰਬੰਧੀ ਇਸ ਵਰਤਾਰੇ ਨੂੰ ਰੂਪਕ ਵੱਜੋਂ ਵਰਤਕੇ ਆਤਮਜੀਤ ਨੇ ਨਾਟਕ ਵਿਚ ਪੇਸ਼ ਕੀਤਾ ਹੈ ਕਿ ਕਨੇਡਾ ਵਿਚ ਰਹਿ ਰਹੇ ਪੰਜਾਬੀ ਵੀ ਇਹਨਾਂ ਮੱਛੀਆਂ ਵਾਂਗ ਮਰਨ ਲਈ ਪੰਜਾਬ ਪਰਤਣਾ ਚਾਹੁੰਦੇ ਹਨ। ਜਾਂ ਪੰਜਾਬ ਪਰਤ ਕੇ ਮਰਨਾ ਚਾਹੁੰਦੇ ਹਨ। ਸਾਡੇ ਖਿਆਲ ਵਿਚ ਜਿਸ ਤਰ੍ਹਾਂ ਆਤਮਜੀਤ ਨੇ ਇਸ ਰੂਪਕ ਨੂੰ ਨਾਟਕ ਵਿਚ ਵਰਤਿਆ ਹੈ ਉਹ ਕਈ ਕਾਰਨਾਂ ਕਰਕੇ ਸਮੱਸਿਆ ਵਾਲੀ ਗੱਲ ਹੈ। ਸੱਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਇਹ ਵਰਤਾਰਾ ਇਕੱਲੀਆਂ ਕੈਮਲੂਪਸ ਦੀਆਂ ਮੱਛੀਆਂ ਦੀ ਹੀ ਖਾਸੀਅਤ ਨਹੀਂ ਹੈ ਸਗੋਂ ਦੁਨੀਆਂ ਦੇ ਹਰ ਹਿੱਸੇ ਵਿਚ

ਮਿਲਦੀਆਂ ਸੈਮਨ ਮੱਛੀਆਂ ਦੀ ਇਹੋ ਹੀ ਖਾਸੀਅਤ ਹੈ। ਇਸ ਕਰਕੇ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਨਾਟਕ ਵਿਚ ਕੈਮਲੂਪਸ ਦੀ ਹੋਰ ਕੀ ਮਹੱਤਤਾ ਹੋ ਸਕਦੀ ਹੈ। ਉਥੇ ਪੰਜਾਬੀਆਂ ਦੀ ਵਸੋਂ ਵੀ ਏਨੀ ਜ਼ਿਆਦਾ ਨਹੀਂ ਕਿ ਇਹ ਨਾਂ ਕਿਸੇ ਤਰ੍ਹਾਂ ਸਾਡੇ ਨਾਲ ਜੁੜਿਆ ਹੋਇਆ ਹੋਵੇ। ਸੈਮਨ ਮੱਛੀਆਂ ਦੇ ਇਸ ਸੁਭਾਅ ਵਿਚ ਨੋਟ ਕਰਨ ਵਾਲੀ ਖਾਸ ਗੱਲ ਇਹ ਹੈ ਕਿ ਉਹ ਆਪਣੀ ਜੰਮਣ ਵਾਲੀ ਥਾਂ ਉੱਤੇ ਆਂਡੇ ਦੇਣ (ਆਪਣੀ ਅਗਲੀ ਪੀੜ੍ਹੀ ਪੈਦਾ ਕਰਨ) ਆਉਂਦੀਆਂ ਹਨ ਨਾ ਕਿ ਮਰਨ। ਪਰ ਇਹ ਖਾਸੀਅਤ ਕਨੇਡਾ ਦੇ ਪੰਜਾਬੀ ਆਵਾਸੀਆਂ ਦੇ ਜੀਵਨ ਨਾਲ ਬਿਲਕੁਲ ਮੇਲ ਨਹੀਂ ਖਾਂਦੀ। ਅਸੀਂ ਤਾਂ ਆਪਣੀ ਔਲਾਦ ਕਨੇਡਾ ਵਿਚ ਪੈਦਾ ਕਰ ਅਤੇ ਪਾਲ ਰਹੇ ਹਾਂ। ਇਸ ਲਈ ਅਸੀਂ ਪੰਜਾਬ ਜਾ ਕੇ ਕੀ ਕਰਾਂਗੇ ਕਿਉਂਕਿ ਸੈਮਨ ਮੱਛੀ ਤਾਂ ਸਿਰਫ ਔਲਾਦ ਜੰਮਣ ਆਪਣੀ ਜਨਮ ਵਾਲੀ ਥਾਂ ਉੱਤੇ ਜਾਂਦੀ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਆਤਮਜੀਤ ਨੂੰ ਆਪਣੇ ਨਾਟਕ ਵਿਚ ਵਰਤੇ ਇਸ ਰੂਪਕ ਬਾਰੇ ਸਹੀ ਗਿਆਨ ਨਹੀਂ ਹੈ।

ਰੂਪਕ ਦੇ ਸੰਬੰਧ ਵਿਚ ਅਗਲੀ ਗੱਲ ਇਹ ਹੈ ਕਿ ਆਰਥਿਕ, ਸਿਆਸੀ ਅਤੇ ਸਮਾਜਕ ਪ੍ਰਸਥਿਤੀਆਂ ਨਾਲ ਬੱਝੇ ਆਵਾਸ (ਇਮੀਗਰੇਸ਼ਨ) ਦੇ ਵਰਤਾਰੇ ਦੀ ਸੈਮਨ ਮੱਛੀਆਂ ਦੀ ਇਕ ਜੀਵ-ਵਿਗਿਆਨੀ (ਬਾਇਓਲਾਜੀਕਲ) ਖਾਸੀਅਤ ਨਾਲ ਤੁਲਨਾ ਉਹ ਵਿਅਕਤੀ ਹੀ ਕਰ ਸਕਦਾ ਹੈ ਜਿਸਨੂੰ ਆਵਾਸ ਦੇ ਵਰਤਾਰੇ ਦਾ ਬਹੁਤਾ ਗਿਆਨ ਨਾ ਹੋਵੇ। ਮਨੁੱਖ ਸਦਾ ਤੋਂ ਚੰਗੇ ਜੀਵਨ ਦੀ ਭਾਲ ਵਿਚ ਇਕ ਥਾਂ ਤੋਂ ਦੂਸਰੀ ਥਾਂ ਆਵਾਸ ਕਰਦਾ ਰਿਹਾ ਹੈ। ਇਕ ਰੀਪੋਰਟ ਮੁਤਾਬਕ ਅੱਜ 7 ਕਰੋੜ (70 ਮਿਲੀਅਨ) ਲੋਕ ਅਜਿਹੇ ਹਨ ਜੋ ਆਪਣਾ ਦੇਸ਼ ਛੱਡ ਕੇ ਦੂਸਰੇ ਦੇਸ਼ ਵਿਚ ਰਹਿ ਰਹੇ ਹਨ। ਹਰ ਸਾਲ 10 ਲੱਖ ਲੋਕ ਪੱਕੇ ਤੌਰ ਉੱਤੇ ਦੂਜੇ ਦੇਸ਼ਾਂ ਨੂੰ ਆਵਾਸ ਕਰਦੇ ਹਨ। ਉਹ ਨਵੀਂ ਥਾਂ ਜਾ ਕੇ ਉਥੋਂ ਦੇ ਵਾਤਾਵਰਣ, ਸਿਆਸੀ ਅਤੇ ਆਰਥਿਕ ਹਾਲਤਾਂ ਅਨੁਸਾਰ ਚੱਲਦੇ ਹਨ, ਨਵੇਂ ਥਾਂ ਦੀਆਂ ਹਾਲਤਾਂ ਨੂੰ ਆਪਣੇ ਵਿਤ ਮੁਤਾਬਕ ਆਪਣੇ ਅਨੁਸਾਰ ਢਾਲਣ ਦਾ ਯਤਨ ਕਰਦੇ ਹਨ। ਇਸ ਯਤਨ ਵਿਚ ਉਹਨਾਂ ਨੂੰ ਇਕ ਦਰਦ ਭਰੀ ਅਵਸਥਾ ਵਿਚ ਦੀ ਲੰਘਣਾ ਪੈਂਦਾ ਹੈ। ਇਸ ਦਰਦ ਭਰੀ ਅਵਸਥਾ ਵਿਚ ਇਕ ਪਾਸੇ ਉਹਨਾਂ ਦੀ ਜੰਮਣ ਭੋਂ ਦੀਆਂ ਯਾਦਾਂ ਮਰਹਮ ਦਾ ਕੰਮ ਕਰਦੀਆਂ ਹਨ ਅਤੇ ਦੂਸਰੇ ਪਾਸੇ ਨਵੇਂ ਥਾਂ ਨੂੰ ਆਪਣੇ ਮੁਜਬ ਢਾਲਣ ਦੇ ਯਤਨ ਅਤੇ ਜਦੋਜਹਿਦਾਂ ਉਹਨਾਂ ਨੂੰ ਹੌਂਸਲਾ ਦਿੰਦੀਆਂ ਹਨ ਅਤੇ ਦਰਦ ਘਟਾਉਣ ਵਿਚ ਮਦਦ ਕਰਦੀਆਂ ਹਨ। ਆਪਣੀ ਜਨਮ ਭੂਮੀ ਨੂੰ ਪਿੱਛੇ ਛੱਡ ਕੇ ਆਏ ਇਹਨਾਂ ਕਰੋੜਾਂ ਆਵਾਸੀਆਂ ਦਾ ਸਾਹਿਤ, ਇਤਿਹਾਸ ਅਤੇ ਸਭਿਆਚਾਰ ਗਵਾਹ ਹੈ ਕਿ ਇਹ ਲੋਕ ਨਵੇਂ ਥਾਂ ਉੱਤੇ ਦਰਦ ਤਾਂ ਜਰਦੇ ਹਨ ਪਰ ਵਾਪਸ ਨਹੀਂ ਪਰਤਦੇ। ਕੀ ਪੰਜਾਬ ਵਿਚ ਆਏ ਆਰੀਆ ਲੋਕ ਮਰਨ ਖਾਤਰ ਆਪਣੀ ਜਨਮ ਭੂੰਮੀ ਵਾਪਸ ਪਰਤੇ ਸਨ?

ਨਵੇਂ ਥਾਂ ਆਵਾਸ ਦਾ ਦਰਦ ਜਰਨਾ, ਨਵੇਂ ਥਾਂ ਦੀਆਂ ਹਾਲਤਾਂ ਨੂੰ ਆਪਣੇ ਮੁਜਬ ਢਾਲਣ ਲਈ ਜਦੋਜਹਿਦਾਂ ਕਰਨਾ ਆਵਾਸੀਆਂ ਦੀ ਬਹਾਦਰੀ ਦਾ ਪ੍ਰਤੀਕ ਹੈ। ਕਨੇਡਾ ਦੇ ਪੰਜਾਬੀਆਂ ਦੇ ਇਤਿਹਾਸ ਵਿਚ ਇਸ ਬਹਾਦਰੀ ਦੀਆਂ ਅਨੇਕਾਂ ਉਦਾਹਰਣਾਂ ਮਿਲ ਜਾਂਦੀਆਂ ਹਨ। ਇੱਕਾ ਦੁੱਕਾ ਲੋਕਾਂ ਵਲੋਂ ਜਜ਼ਬਾਤੀ ਪੱਧਰ ਤੇ ਕੀਤੀਆਂ ਗੱਲਾਂ ਜਾਂ ਵਾਪਸ ਜਾਣ ਦੀਆਂ ਕੋਸ਼ਿਸ਼ਾਂ ਨੂੰ ਛੱਡ ਕੇ ਕਨੇਡਾ ਦੇ ਪੰਜਾਬੀ ਕਿਸੇ ਤਰ੍ਹਾਂ ਵੀ ਉਹ ਮੱਛੀਆਂ ਨਹੀਂ ਹਨ ਜੋ ਮਰਨ ਵਾਸਤੇ ਪਿੰਡ ਜਾਣਾ ਲੋਚਦੀਆਂ ਹਨ। ਸਾਡੇ ਵਾਸਤੇ ਇਹ ਸੁਝਾਅ ਇਕ ਬੇਥਵੇਪਣ ਤੋਂ ਵਾਧੂ ਅਹਿਮੀਅਤ ਨਹੀਂ ਰੱਖਦਾ ਕਿਉਂਕਿ ਸਾਨੂੰ 1923 ਵਿਚ ਆਏ ਸਾਧੂ ਸਿੰਘ ਧਾਮੀ ਤੇ ਉਸਦੇ ਨਾਵਲ ਦੇ ਪਾਤਰ ਮਲੂਕੇ ਨੇ ਸਮਝਾ ਦਿੱਤਾ ਸੀ ਕਿ ਅਸੀਂ ਹਮੇਸ਼ਾਂ ਦਰਿਆ ਵਾਂਗ ਅੱਗੇ ਨੂੰ ਵਹਿਣਾ ਹੈ ਮੱਛੀ ਵਾਂਗ ਪਿੱਛੇ ਨੂੰ ਨਹੀਂ ਜਾਣਾ। ਇਸਦਾ ਮਤਲਬ ਇਹ ਨਹੀਂ ਕਿ ਸਾਡੇ ਕੋਲ ਪਿੰਡ ਦੀਆਂ ਯਾਦਾਂ ਨਹੀਂ ਜਾਂ ਅਸੀਂ ਆਤਮਜੀਤ ਦੇ ਕਹਿਣ ਅਨੁਸਾਰ ਅਸਲੋਂ ਮਸ਼ੀਨਾਂ ਬਣ ਗਏ ਹਾਂ। ਸਾਡੇ ਕੋਲ ਯਾਦਾਂ ਹਨ ਪਰ ਅਸੀਂ ਦਰਿਆ ਹਾਂ ਸਾਡੀਆਂ ਯਾਰੀਆਂ ਤੇ ਰਿਸ਼ਤੇ ਦਰਿਆਵਾਂ ਨਾਲ ਹਨ ਤੇ ਦਰਿਆ ਕਦੀ ਵਾਪਸ ਨਹੀਂ ਮੁੜਦੇ। ਨਾਵਲ ਮਲੂਕਾ ਵਿਚ ਮਲੂਕੇ ਨਾਲ ਗੱਲਾਂ ਕਰਦਾ ਇਕ ਬਜ਼ੁਰਗ ਪਾਤਰ ਨੱਥਾ ਸਿੰਘ ਕਹਿੰਦਾ ਹੈ: “ਇਸ (ਦਰਿਆ) ਕੋਲ ਯਾਦਾਂ ਹਨ, ਪਰ ਇਹ ਉਨ੍ਹਾਂ ਦੇ ਵਹਿਣਾਂ ਵਿਚ ਨਹੀਂ ਵਹਿੰਦਾ। ਇਹ ਉਨ੍ਹਾਂ ਨੂੰ ਚੁੱਪਚਾਪ ਆਪਣੇ ਵਿਚ ਸਮੇਟੀ ਵੱਗਦਾ ਹੈ। ਭਾਵੇਂ ਇਹ ਯਾਦਾਂ ਕਿੰਨੀਆਂ ਵੀ ਤਿੱਖੀਆਂ ਅਤੇ ਤਾਜ਼ਾ ਹੋਣ, ਇਹ ਪਹਾੜ ਵੱਲ ਵਾਪਸ ਨਹੀਂ ਜਾ ਸਕਦਾ। ਇਸੇ ਲਈ ਇਹ ਗੀਤ ਗਾਉਂਦਾ ਸਮੁੰਦਰ ਵਿਚ ਜਾ ਡਿੱਗਦਾ ਹੈ।” ਪਿਛਲੇ ਸੌ ਸਾਲ ਤੋਂ ਕਨੇਡਾ ਵਿਚ ਵਸ ਰਹੇ ਪੰਜਾਬੀ ਲੋਕਾਂ ਦੇ ਜੀਵਨ ਵੱਲ ਸਰਸਰੀ ਨਜ਼ਰ ਵੀ ਤੁਹਾਨੂੰ ਏਹੋ ਦੱਸੇਗੀ ਕਿ ਇਹ ਲੋਕ ਕਨੇਡਾ ਵਿਚ ਲੱਗੀਆਂ ਆਪਣੀਆਂ ਜੜ੍ਹਾਂ ਉਖਾੜ ਕੇ ਕਦੀ ਵੀ ਵਾਪਸ ਜਾਣ ਦੀ ਨਹੀਂ ਸੋਚਣਗੇ। ਇਸ ਲਈ ਆਤਮਜੀਤ ਵਲੋਂ ਪੇਸ਼ ਕੀਤੀ ਤਸਵੀਰ ਉਸਦੇ ਆਪਣੇ ਮਨ ਵਿਚ ਸਾਡੇ ਲਈ ਪਿਆਰ ਤੇ ਹਮਦਰਦੀ ਦੇ ਨਜ਼ਰੀਏ ਤੋਂ ਸਾਡੇ ਦੁੱਖਾਂ ਦੀ ਵਾਹੀ ਤਸਵੀਰ ਤਾਂ ਕਹੀ ਜਾ ਸਕਦੀ ਹੈ ਪਰ ਸਾਡੇ ਜੀਵਨ ਦੀ ਅਸਲੀਅਤ ਦੇ ਇਹ ਤਸਵੀਰ ਕਿਤੇ ਨੇੜੇ ਤੇੜੇ ਵੀ ਨਹੀਂ ਢੁੱਕਦੀ।

ਨਾਟਕ ਵਿਚ ਆਤਮਜੀਤ ਨੇ ਸਭਿਆਚਾਰ ਦੇ ਸੰਦਰਭ ਵਿਚ ਗੀਤ ਦੀ ਮੌਤ ਦੀ ਗੱਲ ਵੀ ਕੀਤੀ ਹੈ। ਉਨ੍ਹਾਂ ਨੂੰ ਤੌਖਲਾ ਹੈ ਕਿ ਸਾਡਾ ਗੀਤ ਮਰ ਗਿਆ ਹੈ ਜਾਂ ਮਰ ਰਿਹਾ ਹੈ। ਸਾਡਾ ਸੁਝਾਅ ਹੈ ਕਿ ਗੀਤ ਦੀ ਕਦੇ ਮੌਤ ਨਹੀਂ ਹੁੰਦੀ, ਗੀਤ ਸਿਰਫ ਬਦਲਦਾ ਹੈ। ਪਿੱਛੇ ਜਿਹੇ ਜਿਪਸੀਆਂ ਦੇ ਸੰਗੀਤ ਉੱਪਰ ਬਣਾਈ ਗਈ ਇਕ ਬਹੁਤ ਹੀ ਚਰਚਿਤ ਡਾਕੂਮੈਂਟਰੀ ਫਿਲਮ *ਲਾਛੋ ਡਰੋਮ* ਇਸ ਨੁਕਤੇ ਬਾਰੇ ਸ਼ਕਤੀਸ਼ਾਲੀ ਸਬੂਤ ਪੇਸ਼ ਕਰਦੀ ਹੈ। ਡਾਕੂਮੈਂਟਰੀ ਫਿਲਮ ਵਿਚ ਜਿਪਸੀਆਂ ਦਾ ਗੀਤ ਉੱਤਰੀ ਭਾਰਤ ਦੇ ਇਲਾਕੇ (ਰਾਜਸਥਾਨ) ਵਿਚੋਂ ਤੁਰਦਾ ਹੈ ਤੇ ਕਿੰਨੇ ਹੀ ਮੁਲਕਾਂ, ਬੋਲੀਆਂ ਤੇ ਸਦੀਆਂ ਲੰਘਣ ਬਾਅਦ ਵੀ ਉਹ ਗੀਤ ਦੁਨੀਆਂ ਦੇ ਅਨੇਕਾਂ ਹਿੱਸਿਆਂ ਵਿਚ ਨਿਰੰਤਰ ਗੂੰਜ ਰਿਹਾ ਹੈ। ਕੁਝ ਹੀ ਦਿਨ ਪਹਿਲਾਂ ਵੈਨਕੂਵਰ ਦੀ ਇਕ ਰੈਸਟੋਰੈਂਟ ਵਿਚ ਗਾਉਣ ਵਾਲੇ ਇਕ ਲੋਲੋ ਨਾਂ ਦੇ ਜਿਪਸੀ ਦੇ ਸਪੇਨੀ ਬੋਲੀ ਦੇ ਗੀਤ ਸੁਣੇ। ਗੀਤਾਂ ਦੀ ਵੱਖਰੀ ਬੋਲੀ ਹੋਣ ਦੇ ਬਾਵਜੂਦ ਉਸਦੀ ਆਵਾਜ਼ ਵਿਚ ਕੁਝ ਭਾਰਤੀ, ਪੰਜਾਬੀ ਸੀ ਜੋ ਤੁਹਾਡੀ ਰੂਹ ਨੂੰ ਹਿਲਾ ਜਾਂਦਾ ਹੈ। ਉਸਦੇ ਨਾਂ ਬਾਰੇ ਪੁੱਛਣ ਤੇ ਉਹਨੇ ਕਿਹਾ ਕਿ ਇਸਦਾ ਮਤਲਬ ਹੈ ਰੈਡ, ਜਾਣੀ

ਕਿ ਲਾਲ। ਲਾਲੀ ਤੇ ਲਾਲੂ ਸਾਡੇ ਆਮ ਨਾਮ ਹਨ ਤੇ ਉਸਦਾ ਨਾਂ ਹੈ ਲੋਲੋ। ਲੋਲੋ ਨੇ ਸਾਨੂੰ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਪੰਜਾਬ ਜਾਣ ਦੀ ਵਿਓਂਤ ਬਣਾ ਰਿਹਾ ਹੈ ਤੇ ਚਾਹੁੰਦਾ ਹੈ ਕਿ ਘੱਟੋ ਘੱਟ ਇਕ ਸਾਲ ਉਹ ਚੰਡੀਗੜ੍ਹ ਜਾ ਕੇ ਰਹੇ। ਉਸਦੇ ਗੀਤ ਦੀ ਅਜੇ ਤੱਕ ਮੌਤ ਨਹੀਂ ਹੋਈ ਤੇ ਨਾ ਹੀ ਕਦੇ ਹੋਵੇਗੀ। ਇਸ ਰੌਸ਼ਨੀ ਵਿਚ ਅਸੀਂ ਕਹਿ ਸਕਦੇ ਹਾਂ ਕਿ ਆਤਮਜੀਤ ਦਾ ਇਹ ਤੌਖਲਾ, ਕਿ ਸਾਡੇ ਗੀਤ ਦੀ ਮੌਤ ਹੋ ਜਾਵੇਗੀ, ਬੇਬੁਨਿਆਦ ਹੈ ਅਤੇ ਇਸ ਨਜ਼ਰੀਏ ਨਾਲ ਉਹ ਕਦੀ ਵੀ ਸਾਨੂੰ ਸਹੀ ਤਰ੍ਹਾਂ ਸਮਝ ਨਹੀਂ ਸਕਦਾ।

ਆਪਣੇ ਇਸ ਦਾਅਵੇ, ਕਿ ਆਤਮਜੀਤ ਨੇ ਸਾਡੀ ਅਧੂਰੀ ਤਸਵੀਰ ਪੇਸ਼ ਕੀਤੀ ਹੈ, ਨੂੰ ਸਿੱਧ ਕਰਨ ਵਾਸਤੇ ਹੁਣ ਅਸੀਂ ਨਾਟਕ ਵਿਚ ਪੇਸ਼ ਕੀਤੀਆਂ ਸਮੱਸਿਆਵਾਂ ਤੇ ਪਾਤਰਾਂ ਬਾਰੇ ਵਿਸਥਾਰ ਵਿਚ ਚਰਚਾ ਕਰਾਂਗੇ। ਨਾਟਕ ਵਿਚ ਕਨੇਡਾ ਵਸਦਾ ਇਕ ਪੰਜਾਬੀ ਪਰਿਵਾਰ ਤੇ ਉਸ ਨਾਲ ਸੰਬੰਧਤ ਕੁਝ ਹੋਰ ਪਾਤਰ ਪੇਸ਼ ਕੀਤੇ ਗਏ ਹਨ। ਪੇਸ਼ ਕੀਤੇ ਪਰਿਵਾਰ ਵਿਚ ਸ਼ਾਮਲ ਹਨ: ਹੈਰੀ ਸਿੰਘ ਤੇ ਉਸਦੀ ਪਤਨੀ ਬਿੰਦਰ ਕੌਰ, ਹੈਰੀ ਸਿੰਘ ਦਾ ਬਿਰਧ ਬਾਪ, ਉਸਦਾ ਪੁੱਤਰ ਬਿੱਲੂ ਅਤੇ ਉਸਦੀ ਪਤਨੀ ਮੈਂਡੀ ਤੇ ਉਨ੍ਹਾਂ ਦਾ ਨਵਜੰਮਿਆਂ ਪੁੱਤਰ। ਉਸਦਾ ਪੁੱਤਰ ਰਵੀ ਤੇ ਹੈਰੀ ਸਿੰਘ ਦਾ ਭਣੋਈਆ ਹਰਜਿੰਦਰ ਸਿੰਘ। ਇਸ ਪਰਿਵਾਰ ਨਾਲ ਸੰਬੰਧਤ ਦੂਜੇ ਪਾਤਰ ਹਨ ਕੈਲੀ ਸਿੰਘ, ਜੈਗ ਸਿੰਘ, ਸੁਰਜੀਤ ਸਿੰਘ ਤੇ ਰਵੀ ਦੀ ਦੋਸਤ ਕੁੜੀ ਮਿੱਕੀ। ਨਾਟਕਕਾਰ ਨੇ ਇਨ੍ਹਾਂ ਪਾਤਰਾਂ ਰਾਹੀਂ ਕਨੇਡਾ ਦੇ ਪੰਜਾਬੀਆਂ ਦੇ ਜੀਵਨ ਦੀ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਹੈਰੀ ਸਿੰਘ ਦਾ ਬਿਰਧ ਬਾਪ ਨਵੀਂ ਸਥਿਤੀ ਵਿਚ ਆਪਣੇ ਆਪ ਨੂੰ ਢਾਲਣ ਤੋਂ ਅਸਮਰੱਥ ਅਤੇ ਆਪਣੀ ਨੂੰਹ ਤੋਂ ਨਾਖੁਸ਼ ਹੈ। ਉਹ ਪਿੱਛੇ ਛੱਡੇ ਖੇਤਾਂ ਬੰਨ੍ਹਿਆਂ ਦੀ ਯਾਦ ਵਿਚ ਆਪਣਾ ਦਿਮਾਗੀ ਸੰਤੁਲਨ ਗੁਆ ਬੈਠਾ ਹੈ ਤੇ ਪਾਗਲਪਨ ਦੀ ਸਥਿਤੀ ਵਿਚ ਜਿਸਮਾਨੀ ਤੌਰ ਤੇ ਏਥੇ ਰਹਿੰਦਾ ਹੋਇਆ ਵੀ ਪਿੰਡ ਵਿਚਰ ਰਿਹਾ ਹੈ। ਉਹ ਆਪਣੀ ਸਥਿਤੀ ਨੂੰ ਸੁਧਾਰਨ ਲਈ ਪਿੰਡ ਦੇ ਇਕ ਸਨੇਹੀ ਪਰਿਵਾਰ ਦੀ ਕੁੜੀ ਛਿੰਦੀ ਨੂੰ ਵਾਜਾਂ ਮਾਰ ਰਿਹਾ ਹੈ। ਇਹ ਬਜ਼ੁਰਗ ਇਸ ਆਸ ਵਿਚ ਜੀ ਰਿਹਾ ਹੈ ਕਿ ਉਹ ਕਦੇ ਨਾ ਕਦੇ ਵਾਪਸ ਪਰਤੇਗਾ। ਉਸਦਾ ਪੁੱਤਰ ਹੈਰੀ ਸਿੰਘ ਵੀ ਅਖੀਰ ਵਿਚ ਇਸੇ ਫੈਸਲੇ ਤੇ ਪਹੁੰਚਦਾ ਹੈ ਤੇ ਕਹਿੰਦਾ ਹੈ: "ਮੈਨੂੰ ਲੱਗਦਾ ਸਾਡਾ ਭਾਈਆ ਵੀ ਕਾਮਲੂਪਸ ਦੀ ਮੱਛੀ ਆ ਜਿਹੜੀ ਅਸੀਂ ਬੇਸਮਿੰਟ ਵਿਚ ਪਾ ਦਿੱਤੀ ਆ। ਉਹ ਤਾਂ ਜਾਣਾ ਚਾਹੁੰਦਾ ਮੁੜ ਕੇ ਉੱਥੇ ਜਿੱਥੇ ਜੰਮਿਆ ਸੀ ਤਾਂ ਕਿ ਉਹ ਸ਼ਾਂਤੀ ਨਾਲ ਮਰ ਸਕੇ'। ਆਤਮਜੀਤ ਨੇ ਇਸ ਪਾਤਰ ਰਾਹੀਂ ਕਨੇਡਾ ਵਿਚ ਰਹਿ ਰਹੇ ਪੰਜਾਬੀ ਬਜ਼ੁਰਗਾਂ ਦੇ ਜੀਵਨ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਸਾਡੇ ਵਿਚਾਰ ਅਨੁਸਾਰ ਇਹ ਸਥਿਤੀ ਕੁਝ ਬਜ਼ੁਰਗਾਂ ਦੀ ਤਾਂ ਜ਼ਰੂਰ ਹੋ ਸਕਦੀ ਹੈ ਪਰ ਬਹੁ ਗਿਣਤੀ ਪੰਜਾਬੀ ਬਜ਼ੁਰਗਾਂ ਦੀ ਨਹੀਂ। ਬਹੁਤੇ ਬਜ਼ੁਰਗ ਜਦੋਂ ਆਪਣੇ ਕਨੇਡਾ ਵਿਚਲੇ ਜੀਵਨ ਦਾ ਤੇ ਪਿਛਲੇ ਜੀਵਨ ਦਾ ਮੁਕਾਬਲਾ ਕਰਦੇ ਹਨ ਤਾਂ ਉਹ ਹਰ ਵਾਰੀ ਏਥੋਂ ਦੀਆਂ ਹਾਲਤਾਂ ਨੂੰ ਬੇਹਤਰ ਗਿਣਦੇ ਹਨ ਅਤੇ ਏਥੇ ਹੀ ਟਿਕੇ ਰਹਿਣ ਦੇ ਫੈਸਲੇ ਕਰਦੇ ਹਨ। ਸਾਡੇ ਬਜ਼ੁਰਗ ਆਪਣੀਆਂ ਹਾਲਤਾਂ ਨੂੰ ਵਿਅਕਤੀਗੱਤ ਪੱਧਰ 'ਤੇ ਸੁਧਾਰਨ ਦੀਆਂ ਅਨੇਕਾਂ ਕੋਸ਼ਿਸ਼ਾਂ ਕਰਦੇ ਹਨ ਜਿਹੜੀਆਂ ਲੇਖਕਾਂ/ਨਾਟਕਕਾਰਾਂ ਦੇ ਦੇਖਣ ਸੁਣਨ ਵਿਚ ਉਨੀਆਂ ਨਹੀ ਆਉਂਦੀਆਂ। ਪਰ ਉਨ੍ਹਾਂ ਵਲੋਂ ਭਾਈਚਾਰੇ ਦੀ ਪੱਧਰ 'ਤੇ ਕੀਤੀਆਂ ਕੋਸ਼ਿਸ਼ਾਂ ਦੇਖਣੀਆਂ ਮੁਸ਼ਕਲ ਨਹੀਂ। ਤੁਸੀਂ ਬੜੀ ਆਸਾਨੀ ਨਾਲ ਐਡਮੰਟਨ ਦੇ ਬਜ਼ੁਰਗ ਪੰਜਾਬੀਆਂ ਵਲੋਂ ਆਪਣੇ ਬੈਠਣ, ਮਿਲਣ-ਗਿਲਣ ਲਈ ਬਣਾਇਆ ਸ਼ਾਨਦਾਰ ਥਾਂ ਦੇਖ ਸਕਦੇ ਹੋ। ਵੈਨਕੂਵਰ ਵਿਚ ਪਿਛਲੇ ਦਹਾਕੇ ਡੇਢ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਪੰਜਾਬੀ ਬਜ਼ੁਰਗ ਬਾਕਾਇਦਾ ਕਮਿਊਨਿਟੀ ਸੈਂਟਰਾਂ ਵਿਚ ਮਿਲਦੇ ਹਨ। ਉਹ ਉੱਥੇ ਆਪਣਾ ਸੁਗਲਮੇਲਾ ਵੀ ਕਰਦੇ ਹਨ ਤੇ ਬਾਕਾਇਦਗੀ ਨਾਲ ਦਰਪੇਸ਼ ਆ ਰਹੇ ਮਸਲਿਆਂ ਨੂੰ ਵੀ ਵਿਚਾਰ ਅਧੀਨ ਲਿਆਉਂਦੇ ਹਨ ਤੇ ਸਥਾਨਕ ਸਰਕਾਰਾਂ/ਅਦਾਰਿਆਂ ਤੱਕ ਆਪਣੀਆਂ ਮੁਸ਼ਕਲਾਂ ਬੜੀ ਕਾਮਯਾਬੀ ਨਾਲ ਪਹੁੰਚਾਉਂਦੇ ਹਨ। ਵੈਨਕੂਵਰ ਤੇ ਸਰੀ ਵਿਚ ਬਜ਼ੁਰਗਾਂ ਨੇ ਆਪਣੀ ਵਰਤੋਂ ਵਾਸਤੇ ਕਿੰਨੇ ਹੀ ਸਥਾਨ ਸਥਾਪਤ ਕਰ ਲਏ ਹਨ। ਇਨ੍ਹਾਂ ਬਜ਼ੁਰਗਾਂ ਵਿਚੋਂ ਕਿੰਨੇ ਕੁ ਬਜ਼ੁਰਗ ਹਨ ਜੋ ਵਾਪਸ ਜਾਣਗੇ ਜਾਂ ਜਾਣ ਦੀ ਸੋਚਣਗੇ? ਸ਼ਾਇਦ ਹੀ ਕੋਈ। ਇਸਦੇ ਮੁਕਾਬਲੇ ਪੰਜਾਬ ਵਿਚ ਸਿਆਣੀ ਉਮਰ ਦੇ ਬੰਦਿਆਂ ਨੂੰ ਕਹਿ ਦੇਵੋ ਕਿ ਉਹ ਕਨੇਡਾ ਆ ਸਕਦੇ ਹਨ ਤਾਂ ਸੰਭਵ ਹੈ ਕਿ ਵੱਡੀ ਗਿਣਤੀ ਵਿਚ ਲੋਕ ਇਧਰ ਆਉਣ ਦਾ ਫੈਸਲਾ ਕਰ ਲੈਣ। ਇਸ ਪ੍ਰਤੱਖ ਦਿਸਦੀ ਸਚਾਈ ਨੂੰ ਪੰਜਾਬ ਵਸਦੇ ਬੁੱਧੀਜੀਵੀ/ਲੇਖਕ/ਅਲੋਚਕ/ਨਾਟਕਕਾਰ ਅਜੇ ਵੀ ਪਤਾ ਨਹੀਂ ਕਿਉਂ ਮੰਨਣ ਨੂੰ ਤਿਆਰ ਨਹੀਂ ਹਨ?

ਬਜ਼ੁਰਗਾਂ ਦੇ ਮਸਲੇ ਦੇ ਸੰਬੰਧ ਵਿਚ ਕੇਵਲ ਧਾਲੀਵਾਲ ਵਲੋਂ ਪੇਸ਼ ਕੀਤੇ ਨਾਟਕ *ਤਰਕਾਲਾਂ* ਅਤੇ ਗੁਰਸ਼ਰਨ ਸਿੰਘ ਦੇ ਨਾਟਕ *ਸੰਤਾਪ* ਦਾ ਜ਼ਿਕਰ ਵੀ ਇੱਥੇ ਕੁਥਾਵਾਂ ਨਹੀਂ ਹੋਵੇਗਾ। ਇਨ੍ਹਾਂ ਦੋਵਾਂ ਨਾਟਕਾਂ ਵਿਚ ਵੀ ਬਜ਼ੁਰਗਾਂ ਦੀ ਸਮੱਸਿਆ ਅਤੇ ਉਸਦੇ ਸੁਝਾਏ ਹੱਲ ਕਨੇਡਾ ਵਿਚ ਰਹਿ ਰਹੇ ਪੰਜਾਬੀ ਬਜ਼ੁਰਗਾਂ ਦੀ ਸਥਿਤੀ ਨਾਲ ਮੇਲ ਨਹੀਂ ਖਾਂਦੇ। ਨਾਟਕ *ਸੰਤਾਪ* ਵਿਚ ਬਜ਼ੁਰਗ ਪੰਜਾਬੀ ਜੋੜਾ ਏਥੋਂ ਦੇ ਹਾਲਾਤ ਵਿਚ ਆਪਣੇ ਆਪ ਨੂੰ ਢਾਲ ਨਹੀਂ ਸਕਿਆ ਅਤੇ ਵਾਪਸ ਜਾਣ ਦਾ ਇਰਾਦਾ ਕਰ ਲੈਂਦਾ ਹੈ। ਜਿਵੇਂ ਅਸੀਂ ਪਹਿਲਾਂ ਕਿਹਾ ਹੈ ਇਹ ਫੈਸਲਾ ਕੁਝ ਵਿਅਕਤੀਆਂ ਦਾ ਤਾਂ ਹੋ ਸਕਦਾ ਹੈ ਪਰ ਸਾਡੀ ਸਮੁੱਚੀ ਪੰਜਾਬੀ ਕਮਿਊਨਿਟੀ ਦੇ ਬਜ਼ੁਰਗ ਲੋਕਾਂ ਦਾ ਕਦੇ ਨਹੀਂ ਹੋ ਸਕਦਾ। ਕੇਵਲ ਧਾਲੀਵਾਲ ਦਾ ਨਾਟਕ *ਤਰਕਾਲਾਂ* ਜੋ ਇਕ ਮਰਾਠੀ ਨਾਟਕ *ਸੰਧਿਆ ਛਾਇਆ* ਦੀ ਪੰਜਾਬੀ ਵਿਚ ਪੇਸ਼ਕਾਰੀ ਸੀ, ਕਿਸੇ ਤਰ੍ਹਾਂ ਵੀ ਕਨੇਡਾ ਵਿਚ ਰਹਿ ਰਹੇ ਪੰਜਾਬੀਆਂ ਦੇ ਜੀਵਨ ਨਾਲ ਸੰਬੰਧ ਨਹੀਂ ਰੱਖਦਾ। ਉਸ ਨਾਟਕ ਵਿਚ ਜੋ ਬਹਿਸ ਪੇਸ਼ ਕੀਤੀ ਗਈ ਹੈ ਉਹ ਹੈ ਕਿ ਬਾਹਰ ਆ ਵਸੇ ਬੱਚੇ ਆਪਣੇ ਮਾਂ ਪਿਓ ਨੂੰ ਭੁੱਲ ਗਏ ਹਨ ਤੇ ਮਾਂ ਪਿਓ ਕੋਲ ਖੁਦਕਸ਼ੀ ਕਰਨ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਹੈ। ਪੰਜਾਬੀਆਂ ਦੀ ਅਸਲੀਅਤ ਇਹ ਹੈ ਕਿ ਨਾ ਤਾਂ ਕੁਝ ਇੱਕਾ-ਦੁੱਕਾ ਲੋਕਾਂ ਨੂੰ ਛੱਡ ਕੇ ਕੋਈ ਆਪਣੇ ਮਾਪਿਆਂ ਨੂੰ ਭੁੱਲਿਆ ਹੈ ਤੇ ਨਾ ਹੀ ਪੰਜਾਬ ਵਸਦੇ ਮਾਪੇ ਕਦੇ ਇਸ ਵਿਛੋੜੇ ਵਿਚ ਖੁਦਕਸ਼ੀ ਕਰਨ ਤੱਕ ਜਾਣਗੇ। ਪਰ ਕਿਸੇ ਭੁਲੇਖੇ ਦੇ ਸ਼ਿਕਾਰ ਕੇਵਲ ਧਾਲੀਵਾਲ ਨੇ ਵੀ ਇਹ ਨਾਟਕ ਇਸ ਤਰ੍ਹਾਂ ਪੇਸ਼ ਕੀਤਾ ਕਿ

ਜਿਸ ਤਰ੍ਹਾਂ ਉਸਦਾ ਸਾਡੇ ਜੀਵਨ ਨਾਲ ਸਿੱਧਾ ਸੰਬੰਧ ਹੋਵੇ। ਵੈਨਕੂਵਰ ਵਿਚ ਉਸ ਨਾਲ ਇਸ ਸੰਬੰਧੀ ਕਾਫੀ ਵਿਚਾਰ ਵਟਾਂਦਰਾ ਵੀ ਹੋਇਆ ਸੀ ਅਤੇ ਬਾਅਦ ਵਿਚ ਸਥਾਨਕ ਅਖਬਾਰਾਂ ਵਿਚ ਇਸ ਨੁਕਤੇ ਉਪਰ ਕੁਝ ਬਹਿਸ ਵੀ ਚੱਲੀ ਸੀ।

ਨਾਟਕ *ਕੈਮਲੂਪਸ ਦੀਆਂ ਮੱਛੀਆਂ* ਵਿਚਲੇ ਹੈਰੀ ਸਿੰਘ ਦੇ ਪਰਿਵਾਰ ਦੇ ਬਾਕੀ ਮੈਂਬਰ ਵੀ ਕਨੇਡਾ ਵਿਚਲੇ ਜੀਵਨ ਤੋਂ ਆਪੋ ਆਪਣੀ ਥਾਂ ਦੁਖੀ ਹਨ। ਹੈਰੀ ਸਿੰਘ ਤੇ ਉਸਦੀ ਪਤਨੀ ਦੀ ਮੁੱਖ ਸਮੱਸਿਆ ਹੈ ਕਿ ਉਨ੍ਹਾਂ ਦਾ ਛੋਟਾ ਪੁੱਤਰ ਰਵੀ ਉਨ੍ਹਾਂ ਦੇ ਕਹੇ ਅਨੁਸਾਰ ਵਿਆਹ ਕਰਾਉਣ ਲਈ ਰਾਜੀ ਨਹੀਂ ਹੋ ਰਿਹਾ। ਹੈਰੀ ਸਿੰਘ ਦਾ ਭਣੋਈਆ ਹਰਜਿੰਦਰ ਸਿੰਘ ਆਪਣੇ ਕਾਰੋਬਾਰ ਵਿਚ ਕਾਮਯਾਬ ਅਤੇ ਆਪਣੇ ਬੱਚਿਆਂ ਨੂੰ ਕਨੇਡਾ ਵਿਚ ਅਨਪੜ੍ਹ ਰੱਖ ਕੇ ਬੜਾ ਖੁਸ਼ੀ ਜੀਵਨ ਬਤੀਤ ਕਰ ਰਿਹਾ ਸੀ ਪਰ ਦੇਸੋਂ ਆਏ ਜਵਾਈ ਤੇ ਨੂੰਹ ਦੇ "ਧੋਖਾ' ਦੇ ਜਾਣ ਕਾਰਨ ਹੁਣ ਉਸਦਾ ਜੀਵਨ ਵੀ ਨਰਕ ਬਣ ਗਿਆ ਹੈ। ਇਸੇ ਤਰ੍ਹਾਂ ਸੁਰਜੀਤ ਸਿੰਘ ਦਾ ਰੋਣਾ ਹੈ ਕਿ ਉਸਦੇ ਬੱਚਿਆਂ ਨੇ ਕਨੇਡਾ ਵਿਚ ਪੜ੍ਹ ਲਿਖ ਕੇ ਗੋਰਿਆਂ ਨਾਲ ਵਿਆਹ ਕਰਵਾ ਲਿਆ ਹੈ। ਇਨ੍ਹਾਂ ਸਾਰੇ ਪਾਤਰਾਂ ਰਾਹੀਂ ਆਤਮਜੀਤ ਨੇ ਇਹ ਪੇਸ਼ ਕਰਨ ਦਾ ਯਤਨ ਕੀਤਾ ਹੈ ਕਿ ਕਨੇਡਾ ਵਿਚ ਪਹਿਲੀ ਪੀੜ੍ਹੀ ਦੇ ਪੰਜਾਬੀਆਂ ਦੀ ਮੁੱਖ ਸਮੱਸਿਆ ਉਨ੍ਹਾਂ ਦੇ ਬੱਚਿਆਂ ਵਲੋਂ ਉਨ੍ਹਾਂ ਦੇ ਕਹੇ ਅਨੁਸਾਰ ਵਿਆਹ ਨਾ ਕਰਾਉਣਾ ਜਾਂ ਉਨ੍ਹਾਂ ਦੇ ਕਹੇ ਅਨੁਸਾਰ ਕੀਤੇ ਵਿਆਹਾਂ ਦਾ ਸਿਰੇ ਨਾ ਚੜ੍ਹਨਾ ਹੈ। ਦੂਜੇ ਸ਼ਬਦਾਂ ਵਿਚ ਪਹਿਲੀ ਪੀੜ੍ਹੀ ਦੇ ਪੰਜਾਬੀਆਂ ਦੇ ਜੀਵਨ ਵਿਚ ਦੂਜੀ ਪੀੜ੍ਹੀ ਦੇ ਬੱਚਿਆਂ ਦੇ ਵਿਆਹਾਂ ਦੀ ਸਮੱਸਿਆ ਹੀ ਇਕੋ ਇਕ ਸਮੱਸਿਆ ਹੈ। ਇੱਥੋਂ ਤੱਕ ਕਿ ਪਾਤਰ ਜੈਗ ਸਿੰਘ ਦੀ ਸਮੱਸਿਆ ਵੀ ਵਿਆਹ ਦੀ ਹੀ ਹੈ ਤੇ ਉਹ ਉੱਚੀ ਉੱਚੀ ਰੋ ਰਿਹਾ ਹੈ ਕਿ ਦੁਨੀਆਂ ਵਿਚ ਕੁਮੇਲ ਸੱਭ ਤੋਂ ਬੁਰੀ ਸ਼ੈਅ ਹੈ। ਇਹ ਅਜੀਬ ਇਤਫਾਕ ਹੈ ਕਿ ਕਨੇਡਾ ਦੇ ਕਈ ਦੂਜੇ (ਗੋਰੇ) ਲੇਖਕ ਜਾਂ ਬੁੱਧੀਜੀਵੀ ਵੀ ਜਦੋਂ ਸਾਡੇ ਜੀਵਨ ਜਾਂ ਸਭਿਆਚਾਰ ਦੀ ਗੱਲ ਕਰਨੀ ਚਾਹੁੰਦੇ ਹਨ ਤਾਂ ਉਹ ਮੁੜ ਘਿੜ ਕੇ ਵਿਆਹ ਵਾਸਤੇ ਸਾਥੀ ਦੀ ਚੋਣ ਕਰਨ ਦੇ ਤੌਰ ਤਰੀਕਿਆਂ ਜਾਣੀ ਕਿ ਸਾਡੇ ਰਵਾਈਤੀ ਮਾਪਿਆਂ/ਰਿਸ਼ਤੇਦਾਰਾਂ ਵਲੋਂ ਤਹਿ ਕੀਤੇ ਵਿਆਹਾਂ (ਅਰੇਂਜਡ ਮੈਰਿਜਜ਼) 'ਤੇ ਹੀ ਆ ਕੇਂਦਰਤਿ ਹੁੰਦੇ ਹਨ। ਕੁਝ ਗੋਰੇ ਲੇਖਕਾਂ ਵਲੋਂ ਅਜਿਹਾ ਕਰਨ ਪਿੱਛੇ ਕਾਰਨ ਸਮਝ ਆਉਂਦਾ ਹੈ ਕਿ ਉਹ ਸਾਡੀਆਂ ਦੂਜੀਆਂ ਸਮੱਸਿਆਵਾਂ, ਜਿਹੜੀਆਂ ਏਥੋਂ ਦੇ ਅਰਥਚਾਰੇ ਅਤੇ ਸਮਾਜਿਕ ਪ੍ਰਬੰਧ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ, ਨੂੰ ਅੱਖੋਂ ਉਹਲੇ ਕਰਨਾ ਚਾਹੁੰਦੇ ਹਨ। ਅਜਿਹਾ ਕਰਨ ਪਿੱਛੇ ਆਤਮਜੀਤ ਦੀ ਕੀ ਮਨਸ਼ਾ ਹੈ ਸਾਡੇ ਪੱਲੇ ਨਹੀਂ ਪਈ। ਉਸਨੇ ਜਿਸ ਤਰ੍ਹਾਂ ਇਸ ਸਮੱਸਿਆ ਨੂੰ ਪੇਸ਼ ਕੀਤਾ ਹੈ ਉਸ ਤੋਂ ਇਹ ਪ੍ਰਭਾਵ ਪੈਂਦਾ ਹੈ ਕਿ ਜੇ ਪੰਜਾਬੀ ਬੱਚੇ ਮਾਪਿਆਂ ਦੇ ਕਹੇ ਅਨੁਸਾਰ ਆਪਣੇ ਜੀਵਨ ਸਾਥੀ ਨਹੀਂ ਚੁਣਨਗੇ ਤਾਂ ਇਸ ਦਾ ਮਤਲਬ ਹੋਵੇਗਾ ਕਿ ਉਹ ਆਪਣੇ ਸਭਿਆਚਾਰ ਤੋਂ ਦੂਰ ਜਾ ਰਹੇ ਹਨ ਤੇ ਨਤੀਜੇ ਵਜੋਂ ਸਭਿਆਚਾਰ ਦੀ ਮੌਤ ਹੋ ਜਾਵੇਗੀ ਤੇ ਗੀਤ ਮਰ ਜਾਵੇਗਾ। ਕੀ ਸਮੁੱਚੇ ਸਭਿਆਚਾਰ ਦੀ ਗੱਲ ਸਿਰਫ ਵਿਆਹਾਂ ਦੀ ਸਮੱਸਿਆ ਨੂੰ ਕੇਂਦਰ ਬਣਾ ਕੇ ਕੀਤੀ ਜਾ ਸਕਦੀ ਹੈ ਜਾਂ ਕਰਨੀ ਜਾਇਜ਼ ਹੈ? ਸਾਡੇ ਖਿਆਲ ਵਿਚ ਨਹੀਂ। ਵਿਆਹ ਦੇ ਤੌਰ ਤਰੀਕੇ ਸਭਿਆਚਾਰ ਦਾ ਇਕ ਹਿੱਸਾ ਤਾਂ ਜ਼ਰੂਰ ਹੈ ਪਰ ਇਹ ਏਨਾ ਮਹੱਤਵਪੂਰਨ ਨਹੀਂ ਕਿ ਇਸ ਨੂੰ ਸਭਿਆਚਾਰ ਦਾ ਧੁਰਾ ਬਣਾ ਕੇ ਪੇਸ਼ ਕੀਤਾ ਜਾ ਸਕੇ। ਵਿਆਹਾਂ ਦਾ ਵਿਸ਼ਾ ਉਂਝ ਵੀ ਕਾਫੀ ਗੁੰਝਲਦਾਰ ਹੈ ਜੋ ਵੱਖਰੀ ਬਹਿਸ ਦੀ ਮੰਗ ਕਰਦਾ ਹੈ ਕਿ ਇਹ ਲਕੀਰ ਕਿੱਥੇ ਵਾਹੀ ਜਾਣੀ ਚਾਹੀਦੀ ਹੈ – ਕੌਮਾਂ/ਨਸਲਾਂ ਦਰਮਿਆਨ? ਜਾਤਾਂ ਦਰਮਿਆਨ? ਇਲਾਕਿਆਂ ਦਰਮਿਆਨ? ਜਮਾਤਾਂ ਦਰਮਿਆਨ? – ਜਾਂ ਕਿ ਇਨਸਾਨਾਂ ਵਿਚਾਲੇ ਇਨਸਾਨਾਂ ਦੁਆਰਾ ਵਾਹੀ ਕੋਈ ਲਕੀਰ ਹੋਣੀ ਹੀ ਨਹੀਂ ਚਾਹੀਦੀ? ਇਹ ਨਾਟਕ ਇਨ੍ਹਾਂ ਸਵਾਲਾਂ ਵਿਚ ਨਾ ਪੈਂਦਾ ਹੈ ਤੇ ਨਾ ਪੈ ਸਕਦਾ ਸੀ ਪਰ ਫੇਰ ਵੀ ਇਸ ਵਿਸ਼ੇ ਨੂੰ ਕੇਂਦਰੀ ਵਿਸ਼ਾ ਬਣਾਇਆ ਗਿਆ ਹੈ।

ਅਗਲਾ ਪਾਤਰ ਜੋ ਅਸੀਂ ਵਿਚਾਰਾਂਗੇ ਉਹ ਜੈਗ ਸਿੰਘ ਹੈ ਜੋ ਕਨੇਡਾ ਵਿਚ ਵੱਸਣ ਵਾਲਾ ਇਕ ਪੰਜਾਬੀ ਕਵੀ ਹੈ। ਉਹ ਆਪਣੇ ਗੱਲਬਾਤ ਕਰਨ ਦੇ ਅੰਦਾਜ਼ ਅਤੇ ਮਸਾਲੇਦਾਰ ਤੇਜ਼ ਤਰਾਰ ਗੱਲਾਂ ਕਾਰਨ ਸਰੋਤਿਆਂ ਦਾ ਸੱਭ ਤੋਂ ਮਨਪਸੰਦ ਪਾਤਰ ਹੋ ਨਿਬੜਦਾ ਹੈ। ਨਾਟਕ ਵਿਚ ਇਹ ਪਾਤਰ ਦੋ ਕਾਰਜ ਨਿਭਾਉਂਦਾ ਹੈ। ਇਕ ਹਾਸਰਸ ਪੈਦਾ ਕਰਨ ਦਾ ਅਤੇ ਦੂਸਰਾ ਕਨੇਡਾ ਦੇ ਪੰਜਾਬੀਆਂ ਦੀ ਬੌਧਿਕਤਾ ਦੀ ਪ੍ਰਤੀਨਿਧਤਾ ਕਰਦਾ ਨਜ਼ਰ ਆਉਂਦਾ ਹੈ। ਹਾਸਰਸ ਪੈਦਾ ਕਰਨ ਦੇ ਮਕਸਦ ਨਾਲ ਕਨੇਡਾ ਦੇ ਜੀਵਨ ਬਾਰੇ ਉਹ ਮਖੌਲੀਆ ਪੱਧਰ ਤੇ ਹੀ ਵਿਚਰਦਾ ਹੈ ਪਰ ਆਪਣੇ ਜਾਤੀ ਜੀਵਨ ਬਾਰੇ ਅਤੇ ਭਾਰਤ ਵਿਚਲੇ ਜੀਵਨ ਤਜਰਬੇ ਬਾਰੇ ਉਹ ਇਸ ਕਦਰ ਸੰਜੀਦਾ ਹੈ ਕਿ ਨਾਟਕ ਦੇ ਬਾਕੀ ਪਾਤਰਾਂ ਵਾਂਗ ਧਾਹੀਂ ਰੋਂਦਾ ਹੈ। ਨਾਟਕਕਾਰ ਵਲੋਂ ਪੇਸ਼ ਕੀਤਾ ਗਿਆ ਇਹ ਪਾਤਰ ਨਾਟਕ ਵਿਚ ਹਰ ਪੱਖੋਂ ਇਕ ਸਫਲ ਪਾਤਰ ਹੈ। ਇਹ ਦਰਸ਼ਕਾਂ ਦਾ ਮਨਪਰਚਾਵਾ ਵੀ ਕਰਦਾ ਹੈ ਤੇ ਸੰਜੀਦਾ ਹੋ ਕੇ ਉਨ੍ਹਾਂ ਕੋਲੋਂ ਹਮਦਰਦੀ ਵੀ ਪ੍ਰਾਪਤ ਕਰਦਾ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਨਾਟਕਕਾਰ ਇਸ ਪਾਤਰ ਰਾਹੀਂ ਕੀ ਪੇਸ਼ ਕਰਨ ਵਿਚ ਕਾਮਯਾਬ ਹੁੰਦਾ ਹੈ? ਸਾਡੇ ਖਿਆਲ ਵਿਚ ਇਸ ਪਾਤਰ ਰਾਹੀਂ ਨਾਟਕਕਾਰ ਨੇ ਕਨੇਡਾ ਵਿਚ ਲਿਖੇ ਜਾ ਰਹੇ ਸਾਹਿਤ ਬਾਰੇ ਅਤੇ ਏਥੋਂ ਦੇ ਪੰਜਾਬੀਆਂ ਦੇ ਬੌਧਿਕ ਪੱਧਰ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ ਜੋ ਨਾਟਕ ਦੀ ਬਾਕੀ ਅਧੂਰੀ ਤਸਵੀਰ ਵਾਂਗ ਅਧੂਰੇ ਅਤੇ ਗੈਰਸੰਜੀਦਾ ਹਨ। ਨਾਟਕ ਵਿਚ ਪੇਸ਼ ਜੈਗ ਸਿੰਘ ਦੀ ਕਵਿਤਾ ਦੇ ਕੁੱਝ ਨਮੂਨੇ ਹਾਜ਼ਰ ਹਨ:

> ਹਰ ਮੋੜ ਤੇ ਹਰ ਲੋੜ ਤੇ; ਕਚਨਾਰ ਜਿਹੀਆਂ ਗੋਰੀਆਂ
> ਮੱਠੇ ਸੇਕ ਤੇ ਰਿੱਧੀਆਂ, ਜਿਉਂ ਦੁੱਧ ਦੇ ਵਿਚ ਤੋਰੀਆਂ
> ਚਿੜੀਆਂ ਵਾਂਗੂ ਉੱਡਦੀਆਂ, ਖੰਡ ਦੀਆਂ ਇਹ ਬੋਰੀਆਂ।

ਉਸਦੀ "ਉੱਤਰ ਅਮਰੀਕਾ" ਨਾਂ ਦੀ ਕਵਿਤਾ ਦੀਆਂ ਇਹ ਲਾਇਨਾਂ ਸਰੋਤਿਆਂ ਨੂੰ ਬਾਗ ਬਾਗ ਕਰ ਦਿੰਦੀਆਂ ਹਨ। ਪਰ ਇਸ ਲੰਬੀ ਕਵਿਤਾ ਦਾ ਕੁੱਝ ਹਿੱਸਾ ਸੁਣ ਕੇ ਨਾਟਕ ਦਾ ਨੌਜਵਾਨ ਪਾਤਰ ਰਵੀ ਜੈਗ ਸਿੰਘ ਨੂੰ ਸਵਾਲ ਕਰਦਾ ਹੈ ਕਿ ਕਨੇਡਾ ਦੇ ਪੰਜਾਬੀ

ਕਵੀ ਕਨੇਡਾ ਬਾਰੇ ਕਵਿਤਾ ਕਿਉਂ ਨਹੀਂ ਲਿਖਦੇ? ਉਹ ਜਾਨਣਾ ਚਾਹੁੰਦਾ ਹੈ ਕਿ ਕਨੇਡਾ ਦੇ ਕਵੀ ਅਜਿਹੀ ਕਵਿਤਾ ਕਿਉਂ ਨਹੀਂ ਲਿਖਦੇ ਜੋ ਇਹ ਦਰਸਾਏ ਕਿ ਕਨੇਡਾ ਦੇ ਪੰਜਾਬੀ ਮਹਿਸੂਸ ਕਿਵੇਂ ਕਰਦੇ ਹਨ। ਇਸ ਸਵਾਲ ਬਾਰੇ ਜੈਗ ਸਿੰਘ ਦਾ ਜਵਾਬ ਹੈ ਕਿ ਕਨੇਡਾ ਦੇ ਪੰਜਾਬੀ ਮਹਿਸੂਸ ਹੀ ਨਹੀਂ ਕਰਦੇ। ਉਹ ਆਰਥਿਕ ਮਸਲਿਆਂ ਤੇ ਰਿਸ਼ਤੇਦਾਰਾਂ ਨੂੰ ਏਧਰ ਸੱਦਣ ਦੇ ਝਮੇਲਿਆਂ ਵਿਚ ਇਸ ਕਦਰ ਰੁੱਝੇ ਹੋਏ ਹਨ ਕਿ ਉਨ੍ਹਾਂ ਕੋਲ ਮਹਿਸੂਸ ਕਰਨ ਦਾ ਸਮਾਂ ਹੀ ਨਹੀਂ। ਜੈਗ ਸਿੰਘ ਦੇ ਇਹ ਵਿਚਾਰ ਵੀ ਸਰੋਤਿਆਂ ਨੂੰ ਕਾਫੀ ਪ੍ਰਭਾਵਤ ਕਰਦੇ ਹਨ। ਪਰ ਇਸ ਪਾਤਰ ਰਾਹੀਂ ਕਨੇਡਾ ਦੇ ਸਾਹਿਤ ਦੀ ਜੋ ਤਸਵੀਰ ਪੇਸ਼ ਹੁੰਦੀ ਹੈ ਉਹ ਸਾਡੇ ਵਿਚਾਰ ਵਿਚ ਕਿਸੇ ਤਰ੍ਹਾਂ ਵੀ ਸਹੀ ਨਹੀਂ ਮੰਨੀ ਜਾ ਸਕਦੀ। ਆਤਮਜੀਤ ਖੁਦ ਇਕ ਸਾਹਿਤਕਾਰ ਹੈ ਤੇ ਉਸ ਕੋਲੋਂ ਇਹ ਸਵਾਲ ਪੁੱਛਣਾ ਕਿਸੇ ਤਰ੍ਹਾਂ ਵੀ ਗੈਰ-ਸੁਭਾਵਿਕ ਨਹੀਂ ਕਿ ਕੀ ਉਸ ਨੇ ਕਨੇਡੀਅਨ ਪੰਜਾਬੀ ਸਾਹਿਤਕਾਰਾਂ ਦੀ ਤੇ ਏਥੇ ਰਚੇ ਜਾ ਰਹੇ ਸਾਹਿਤ ਦੀ ਇਹ ਤਸਵੀਰ ਇਮਾਨਦਾਰੀ ਨਾਲ ਪੇਸ਼ ਕੀਤੀ ਹੈ? ਇਸ ਬਾਰੇ ਅੱਗੇ ਚੱਲ ਕੇ ਹੋਰ ਗੱਲ ਕਰਾਂਗੇ।

ਕੈਲੀ ਸਿੰਘ ਇਸ ਨਾਟਕ ਵਿਚ ਇਕ ਅਜਿਹਾ ਪਾਤਰ ਹੈ ਜੋ ਜੀਵਨ ਦੇ ਦੁੱਖਾਂ ਵਿਚ ਫਸੇ ਦੂਜੇ ਲੋਕਾਂ ਵਾਸਤੇ ਮੋਢਾ ਬਣਦਾ ਹੈ। ਇਹ ਪਾਤਰ ਨਾਟਕ ਵਿਚਲੇ ਬਾਕੀ ਪਾਤਰਾਂ ਦੇ ਗੈਰ ਵਿਗਿਆਨਕ ਵਿਚਾਰਾਂ ਦਾ ਬਦਲ ਅਤੇ ਜੀਵਨ ਦਾ ਹਾਂ ਪੱਖੀ ਨਜ਼ਰੀਆ ਪੇਸ਼ ਕਰਨ ਦਾ ਯਤਨ ਕਰਦਾ ਹੈ ਪਰ ਸਮੁੱਚੇ ਨਾਟਕ ਵਿਚ ਇਹ ਪਾਤਰ ਅਸਲੋਂ ਹੀ ਨਿਗੂਣਾ (ਇਨਸਿਗਨੀਫੀਕੈਂਟ) ਹੋ ਕੇ ਰਹਿ ਗਿਆ ਹੈ। ਨਾਟਕ ਵਿਚਲੇ ਦੂਜੇ ਪਾਤਰਾਂ ਦੇ ਜੀਵਨ ਵਿਚਲਾ ਰੋਣਾ ਧੋਣਾ ਜਾਂ ਨਾਂਹ ਪੱਖੀ ਪਹਿਲੂ ਏਨਾ ਭਾਰੂ ਹੈ ਕਿ ਇਸ ਪਾਤਰ ਦੀ ਹਾਂ ਪੱਖੀ ਆਵਾਜ਼ ਸਰੋਤਿਆਂ ਤੱਕ ਪੂਰੀ ਤਰ੍ਹਾਂ ਪਹੁੰਚਦੀ ਹੀ ਨਹੀਂ। ਉਦਾਹਰਣ ਵਜੋਂ ਅਸੀਂ ਪੜ੍ਹਾਈ ਦੇ ਸੰਬੰਧ ਵਿਚ ਕੈਲੀ ਸਿੰਘ ਅਤੇ ਬਰਜਿੰਦਰ ਸਿੰਘ ਦੇ ਇਹਨਾਂ ਸੰਵਾਦਾਂ ਨੂੰ ਦੇਖ ਸਕਦੇ ਹਾਂ:

> ਬਰਜਿੰਦਰ ਸਿੰਘ: ਕੈਲੀ ਸਿੰਹਾਂ ਗੁੱਸਾ ਨਾ ਕਰੀਂ। ਤੇਰੇ ਕੋਲ ਚਾਰ ਸਲੰਡਰ ਗੱਡੀ ਤੇ ਉਹ ਵੀ ਇਕ। ਸਾਡੇ ਘਰੇ ਤਿੰਨ ਖੜ੍ਹੀਆਂ ਤੇ ਸਾਰੀਆਂ ਅੱਠ ਸਲੰਡਰ। ਤੇਰਾ ਘਰ ਵੀ ਅਜੇ ਮਾਰਟਕੇਜ ਥੱਲੇ ਤੇ ਆਪਣੀਆਂ ਬੇਸਮੰਟਾਂ ਵੀ ਕਿਰਾਏ ਤੇ ਅਤੇ ਘਰ ਵੀ ਫਰੀ। ਫੇਰ ਦੱਸ ਕੀ ਫੈਦਾ ਏਥੋਂ ਦੀ ਪੜ੍ਹਾਈ ਦਾ?
>
> ਕੈਲੀ ਸਿੰਘ: ਹਾਂ ਆਹ ਤਾਂ ਤੇਰੀ ਗੱਲ ਠੀਕ ਆ।

ਇਸ ਉਪਰਲੇ ਡਾਇਲਾਗ ਤੋਂ ਅਸੀਂ ਕੀ ਸਮਝੀਏ ਕਿ ਇਕ ਪੜ੍ਹੇ ਲਿਖੇ ਤਰਕਸ਼ੀਲ (ਆਤਮਜੀਤ ਨੇ ਦਾਅਵਾ ਕੀਤਾ ਹੈ ਕਿ ਉਸਦਾ ਇਹ ਪਾਤਰ ਰੈਸ਼ਨਲਿਸਟ ਪਾਤਰ ਹੈ) ਵਿਚਾਰ ਧਾਰਾ ਰੱਖਣ ਵਾਲੇ ਪਾਤਰ ਕੈਲੀ ਸਿੰਘ ਕੋਲ ਬਰਜਿੰਦਰ ਦੀ ਇਸ ਦਲੀਲ ਦਾ ਕੋਈ ਜਵਾਬ ਹੀ ਨਹੀਂ? ਉਹ ਕਿਸ ਕਿਸਮ ਦੀ ਬੁੱਧੀ ਦਾ ਮਾਲਕ ਹੈ? ਕੀ ਕਨੇਡਾ ਵਿਚ ਵਸਣ ਵਾਲੇ ਬੁੱਧੀਜੀਵੀ ਏਨੀ ਹੀ ਬੁੱਧੀ ਰੱਖਦੇ ਹਨ ਕਿ ਉਹ ਪੜ੍ਹਾਈ ਦੇ ਹੱਕ ਵਿਚ ਕੋਈ ਦਲੀਲ ਹੀ ਪੇਸ਼ ਨਾ ਕਰ ਸਕਣ, ਖਾਸ ਕਰ ਅੱਜ ਦੇ ਇਨਫਰਮੇਸ਼ਨ ਏਜ਼ ਦੇ ਜ਼ਮਾਨੇ ਵਿਚ? ਕੀ ਇਹ ਸਾਡੇ ਕਨੇਡਾ ਦੇ ਪੰਜਾਬੀਆਂ ਦੇ ਜੀਵਨ ਦੀ ਸਹੀ ਤਸਵੀਰ ਹੈ ਜਾਂ ਆਤਮਜੀਤ ਦੇ ਆਪਣੇ ਮਨ ਵਿਚ ਉੱਕਰੀ ਸਾਡੀ ਕੋਈ ਤਸਵੀਰ? ਦੂਜੀ ਪੀੜ੍ਹੀ ਦੀ ਪੜ੍ਹਾਈ ਸੰਬੰਧੀ ਅਸੀਂ ਅੱਗੇ ਚੱਲ ਕੇ ਹੋਰ ਵਿਚਾਰ ਪੇਸ਼ ਕਰਾਂਗੇ।

ਸੁਰਜੀਤ ਸਿੰਘ ਨਾਂ ਦਾ ਪਾਤਰ ਕਨੇਡਾ ਵਿਚਲੇ ਖਾਲਸਤਾਨੀਆਂ ਦੀ ਪ੍ਰਤਿਨਿੱਧਤਾ ਕਰਦਾ ਹੈ। ਨਾਟਕਕਾਰ ਇਸ ਪਾਤਰ ਨੂੰ ਵੀ ਪੇਸ਼ ਕਰਨ ਵਿਚ ਪੂਰੀ ਤਰ੍ਹਾਂ ਕਾਮਯਾਬ ਹੋਇਆ ਹੈ। ਇਸ ਪਾਤਰ ਦੀ ਸਤਹੀ ਸੋਚ, ਫੋਕੀ ਕਿਸਮ ਦੀ ਨਾਹਰੇਬਾਜੀ ਅਤੇ ਅਨੈਤਿਕਤਾ ਦਰਸ਼ਕਾਂ ਨੂੰ ਉਸਦੀ ਅਸਲੀਅਤ ਤੋਂ ਭਲੀਭਾਂਤ ਜਾਣੂ ਕਰਵਾ ਦਿੰਦੀ ਹੈ। ਪਰ ਸਾਡੇ ਲਈ ਦੇਖਣ ਵਾਲੀ ਗੱਲ ਇਹ ਹੈ ਕਿ ਨਾਟਕਕਾਰ ਇਸ ਪਾਤਰ ਰਾਹੀਂ ਦਰਸ਼ਕਾਂ ਸਾਹਮਣੇ ਸਾਡੇ ਜੀਵਨ ਦਾ ਕਿਹੜਾ ਪੱਖ ਉਘਾੜ ਰਿਹਾ ਹੈ। ਇਸ ਪਾਤਰ ਦਾ ਸੱਭ ਤੋਂ ਵੱਡਾ ਰੋਸਾ ਹੈ ਕਿ ਉਸਦੇ ਬੱਚਿਆਂ ਨੇ ਇਧਰ ਪੜ੍ਹ ਲਿਖ ਕੇ ਗੋਰਿਆਂ ਨਾਲ ਵਿਆਹ ਕਰਵਾ ਲਏ ਹਨ। ਉਹ ਕਹਿੰਦਾ ਹੈ: "ਆਪਾਂ ਕੀ ਖੱਟਿਆ ਨਿਆਣੇ ਪੜ੍ਹਾ ਕੇ? ਮੇਰੀ ਧੀ ਨੇ ਗੋਰਾ ਵਿਆਹ ਲਿਆ ਤੇ ਮੁੰਡਾ ਮੇਮ ਨੂੰ ਲਈ ਫਿਰਦਾ। ਮੇਰੀ ਕੁਲ ਤਾਂ ਬਣ ਗਈ ਅੰਗ੍ਰੇਜ਼।" ਇਸ ਸਦਮੇ ਨੇ ਉਸਨੂੰ ਆਪਣੇ ਸਭਿਆਚਾਰ ਬਾਰੇ ਫਿਕਰਮੰਦ ਕਰ ਦਿੱਤਾ ਹੈ ਤੇ ਸਭਿਆਚਾਰ ਨੂੰ ਬਚਾਉਣ ਖਾਤਰ ਉਹ ਖਾਲਸਤਾਨੀ ਬਣ ਗਿਆ ਹੈ: "ਮੈਂ ਵੀ ਇਸੇ ਲਈ ਹੁਣ ਫੈਸਲਾ ਕਰ ਲਿਆ ਹੈ ਕਿ ਬਾਕੀ ਦੀ ਸਾਰੀ ਉਮਰ ਏਸੇ ਕੰਮ 'ਚ ਈ ਲਾ ਦੇਣੀ; ਮੇਰਾ ਟੱਬਰ ਤਾਂ ਰੁੜ੍ਹ ਗਿਆ ਪਰ ਮੈਂ ਕੌਮ ਨਹੀਂ ਰੁੜ੍ਹਨ ਦੇਣੀ।"ਸੁਰਜੀਤ ਸਿੰਘ ਦੇ ਇਨ੍ਹਾਂ ਵਿਚਾਰਾਂ ਨੂੰ ਭਾਵੇਂ ਕੈਲੀ ਸਿੰਘ ਆਪਣੀ ਹਾਂ ਪੱਖੀ ਸੋਚ ਨਾਲ ਕੁਝ ਹੱਦ ਤੱਕ ਨਿਖੇਧਣ ਦੀ ਕੋਸ਼ਿਸ਼ ਕਰਦਾ ਹੈ। ਪਰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਨਾਟਕਕਾਰ ਇਨ੍ਹਾਂ ਪਾਤਰਾਂ ਕੋਲੋਂ ਸਭਿਆਚਾਰ ਦੇ ਰੁੜ੍ਹਨ ਦੇ ਤੌਖਲੇ ਨੂੰ ਪੇਸ਼ ਕਰਨ ਲਈ ਪੜ੍ਹਾਈ ਦੇ ਖਿਲਾਫ ਇਸ ਕਿਸਮ ਦੇ ਵਿਚਾਰ ਕਿਉਂ ਪੇਸ਼ ਕਰਾ ਰਿਹਾ ਹੈ। ਪੜ੍ਹਾਈ ਸੰਬੰਧੀ ਇਸ ਕਿਸਮ ਦਾ ਹਊਆ ਕਿਸੇ ਸਮੇਂ ਕੁੜੀਆਂ ਦੀ ਪੜ੍ਹਾਈ ਲਿਖਾਈ ਦੇ ਸਬੰਧ ਵਿਚ ਪੰਜਾਬ ਵਿਚ ਲੋਕਾਂ ਦੇ ਮਨਾਂ ਵਿਚ ਹੁੰਦਾ ਸੀ ਹੁਣ ਤਾਂ ਸ਼ਾਇਦ ਉਥੇ ਵੀ ਨਾ ਹੋਵੇ। ਟਰਾਂਟੋ ਜਾਂ ਵੈਨਕੂਵਰ ਵਿਚ ਅਜਿਹੀ ਸੋਚ ਕਿਸੇ ਇੱਕੇ-ਦੁੱਕੇ ਵਿਅਕਤੀ ਜਾਂ ਟੱਬਰ ਦੀ ਤਾਂ ਹੋ ਸਕਦੀ ਹੈ, ਏਥੇ ਵਸਦੇ ਪੰਜਾਬੀ ਲੋਕਾਂ ਦੀ ਬਹੁ ਗਿਣਤੀ ਇਸ ਸੋਚ ਦੀ ਧਾਰਨੀ ਨਹੀਂ ਕਹੀ ਜਾ ਸਕਦੀ।

ਇਸ ਹਿੱਸੇ ਦੇ ਅਖੀਰ ਵਿਚ ਅਸੀਂ ਇਸ ਨਾਟਕ ਵਿਚ ਪੇਸ਼ ਕੀਤੇ ਨੌਜਵਾਨ ਪਾਤਰਾਂ ਬਾਰੇ ਗੱਲ ਕਰਾਂਗੇ। ਇਕ ਦ੍ਰਿਸ਼ ਵਿਚ ਰਵੀ, ਬਿੱਲੂ ਤੇ ਉਸਦੀ ਨਵਵਿਆਹੀ ਮੈਂਡੀ ਕਾਫੀ ਸਮਾਂ ਤੇ ਇਕੱਲੇ ਦਰਸ਼ਕਾਂ ਸਾਹਮਣੇ ਪੇਸ਼ ਹੁੰਦੇ ਹਨ। ਇਸ ਦ੍ਰਿਸ਼ ਵਿਚ ਰਵੀ ਆਪਣੀ ਭਾਬੀ ਨਾਲ ਜਿਹੜੇ ਮਖੌਲ ਕਰਦਾ ਹੈ ਜਾਂ ਕਰਨ ਦੀ ਨਾਕਾਮਯਾਬ ਕੋਸ਼ਿਸ਼ ਕਰਦਾ ਹੈ ਉਹ ਕਨੇਡਾ ਦੇ ਇਸ ਉਮਰ ਦੇ ਬੱਚਿਆਂ ਦਰਮਿਆਨ ਸਾਡੇ ਦੇਖਣ ਵਿਚ ਤਾਂ ਨਹੀਂ ਆਏ। ਬੰਬਈ ਬਣੀਆਂ ਪੰਜਾਬੀ ਦੀਆਂ ਫਿਲਮਾਂ ਵਾਂਗ ਇਸ ਦ੍ਰਿਸ਼ ਦਾ

ਅਸਲੀ ਜੀਵਨ ਨਾਲ ਕੋਈ ਸਬੰਧ ਹੀ ਨਹੀਂ ਜੁੜਦਾ ਲੱਗਦਾ। ਰਵੀ ਆਪਣੀ ਭਾਬੀ ਅੱਗੇ ਮੱਥਾ ਟੇਕਣ ਲਈ ਡਿੱਗਦਾ ਬੜਾ ਭੱਦਾ ਤੇ ਅਜੀਬ ਲੱਗਦਾ ਹੈ ਜਿਸ 'ਤੇ ਹੱਸ ਸਕਣਾ ਸੰਭਵ ਨਹੀਂ। ਇਸ ਕਿਸਮ ਦੇ ਮਖੌਲ ਜਾਂ ਵਰਤਾਰੇ ਤਾਂ ਸ਼ਾਇਦ ਹੁਣ ਪੰਜਾਬ ਵਿਚ ਵੀ ਨਾ ਹੁੰਦੇ ਹੋਣ, ਜਿਹਦੇ ਬਾਰੇ ਅਸੀਂ ਏਨਾ ਨਹੀਂ ਜਾਣਦੇ ਪਰ ਅਸੀਂ ਏਨਾ ਜ਼ਰੂਰ ਜਾਣਦੇ ਹਾਂ ਕਿ ਕਨੇਡਾ ਵਿਚ ਅਜਿਹਾ ਕੁਝ ਆਮ ਨਹੀਂ ਹੁੰਦਾ।

ਏਸੇ ਦ੍ਰਿਸ਼ ਦਾ ਬਾਕੀ ਚੋਖਾ ਹਿੱਸਾ ਰਵੀ ਬਿੱਲੂ ਤੇ ਮੈਂਡੀ ਨੂੰ ਇਹ ਗੱਲ ਦੱਸਦਾ ਹੀ ਲਾ ਦਿੰਦਾ ਹੈ ਕਿ ਨਿਆਗਰਾ ਫਾਲ ਤੱਕ ਪਹੁੰਚਣ ਲਈ ਕਿਹੜੀ ਸੜਕ ਲੈਣੀ ਹੈ। ਕਾਫੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਅਸੀਂ ਇਸ ਦ੍ਰਿਸ਼ ਦਾ ਕੋਈ ਮਕਸਦ ਨਹੀਂ ਸਮਝ ਸਕੇ ਸਿਵਾਏ ਇਸ ਦੇ ਕਿ ਨਾਟਕਕਾਰ ਦੀ ਤਮੰਨਾ ਸੀ ਕਿ ਉਹ ਏਥੋਂ ਦੀ ਦੂਜੀ ਪੀੜ੍ਹੀ ਨੂੰ ਪੇਸ਼ ਕਰੇ। ਪਰ ਦੂਜੀ ਪੀੜ੍ਹੀ ਆਪਸ ਵਿਚ ਕੀ ਗੱਲਾਂ ਕਰਦੀ ਹੈ, ਕਿਉਂ ਕਰਦੀ ਹੈ, ਦਾ ਨਾਟਕਕਾਰ ਨੂੰ ਇਲਮ ਨਾ ਹੋਣ ਕਰਕੇ ਉਹ ਫਜ਼ੂਲ ਕਿਸਮ ਦੀਆਂ ਗੱਲਾਂ ਵਿਚ ਦ੍ਰਿਸ਼ ਪੂਰਾ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਨਾਟਕਕਾਰ ਦੂਜੀ ਪੀੜ੍ਹੀ ਨੂੰ ਮੰਚ ਤੇ ਪੇਸ਼ ਕਰਨ ਵਿਚ ਕਾਮਯਾਬ ਹੋ ਗਿਆ ਪਰ ਜਿਹੜੀ ਤਸਵੀਰ ਸਾਡੇ ਸਾਹਮਣੇ ਰੱਖੀ ਉਸਨੂੰ ਕਿਸੇ ਤਰ੍ਹਾਂ ਵੀ ਸਹੀ ਮੰਨਣਾ ਸੰਭਵ ਨਹੀਂ।

ਇਕ ਹੋਰ ਦ੍ਰਿਸ਼ ਵਿਚ ਅਸੀਂ ਰਵੀ ਤੇ ਉਸਦੀ ਦੋਸਤ ਕੁੜੀ ਮਿੱਕੀ ਨੂੰ ਦੇਖਦੇ ਹਾਂ। ਇਹ ਦ੍ਰਿਸ਼ ਨਾਟਕ ਵਿਚ ਸੱਭ ਤੋਂ ਵੱਧ ਨਾਟਕੀ ਹੈ ਤੇ ਇਸਦੀ ਪੇਸ਼ਕਾਰੀ ਵੀ ਕਾਫੀ ਪ੍ਰਭਾਵਸ਼ਾਲੀ ਸੀ। ਪਰ ਏਥੇ ਵੀ ਸਾਡੀ ਸਮੱਸਿਆ ਉਹੀ ਹੈ ਕਿ ਨਾਟਕਕਾਰ ਨੇ ਜੋ ਏਨੀ ਕਾਮਯਾਬੀ ਨਾਲ ਪੇਸ਼ ਕੀਤਾ ਹੈ, ਉਹ ਹੈ ਕੀ? ਇਸ ਦ੍ਰਿਸ਼ ਵਿਚ ਨਾਟਕਕਾਰ ਨੇ ਕਨੇਡਾ ਵਿਚ ਜੰਮੇ ਪਲੇ ਇਕ ਨੌਜਵਾਨ ਮੁੰਡਾ ਤੇ ਕੁੜੀ ਪੇਸ਼ ਕੀਤੇ ਹਨ। ਪਰ ਉਨ੍ਹਾਂ ਦੇ ਵਿਚਾਰਾਂ ਦੀ ਟੱਕਰ ਤੋਂ ਜਾਪਦਾ ਹੈ ਕਿ ਮੁੰਡਾ ਇੱਕੀਵੀ ਸਦੀ ਵਿਚ ਵਿਚਰ ਰਿਹਾ ਹੈ ਤੇ ਕੁੜੀ ਅਠਾਰਵੀਂ ਵਿਚ। ਮੁੰਡਾ ਪੂਰੇ ਦਾ ਪੂਰਾ ਪੱਛਮੀ ਕੀਮਤਾਂ ਵਿਚ ਗਰੱਸਿਆ ਹੋਇਆ ਤੇ ਕੁੜੀ ਉਹੀ ਰੂੜੀਵਾਦੀ ਪੰਜਾਬਣ ਕਿ ਜੀਵਨ ਵਿਚ ਪਿਆਰ ਸਿਰਫ ਇਕ ਨਾਲ ਤੇ ਸਦਾ ਲਈ ਕੀਤਾ ਜਾਂਦਾ ਹੈ। ਮਿੱਕੀ ਰਵੀ ਨੂੰ ਮਿਹਣਾ ਦਿੰਦੀ ਹੈ:

> "ਤੂੰ ਨਾਂ ਲੈਂਦਾ ਇੰਡੀਅਨ ਵੈਲਿਊਜ਼ ਦਾ ਪਰ ਤੇਰੇ ਅੰਦਰ ਕੁੱਟ ਕੁੱਟ ਕੇ ਭਰਿਆ ਹੋਇਆ ਕਨੇਡਾ ਤੇ ਅਮਰੀਕਾ ... ਤੂੰ ਡੇਢ ਸਾਲ ਤੋਂ ਮੇਰੇ ਨਾਲ ਖੇਡ ਰਿਹਾਂ। ਮੈਂ ਸਮਝਦੀ ਰਹੀ ਕਿ ਤੇਰੇ ਅੰਦਰ ਸਚਮੁੱਚ ਪੰਜਾਬ ਲਈ ਦਰਦ ਆ। ਮੇਰਾ ਵਹਿਮ ਸੀ ਕਿ ਤੂੰ ਪੱਛਮ ਦੇ ਗੰਦ ਤੋਂ ਬਚਣਾ ਚਾਹੁੰਦਾਂ।"

ਸਾਡੇ ਲਈ ਇਹ ਫੈਸਲਾ ਕਰਨਾ ਮੁਸ਼ਕਿਲ ਹੈ ਕਿ ਇਹ ਡਾਇਲਾਗ ਕਨੇਡਾ ਵਿਚ ਜੰਮੀ ਪਲੀ ਕੁੜੀ ਬੋਲ ਰਹੀ ਹੈ ਕਿ ਜਾਂ ਕਿਸੇ ਹਿੰਦੀ ਫਿਲਮ ਦੀ ਹੀਰੋਇਨ। ਅਸੀਂ ਮੰਨਦੇ ਹਾਂ ਕਿ ਏਥੇ ਅਜਿਹੀਆਂ ਕੁੜੀਆਂ ਵੀ ਹੋਣਗੀਆਂ। ਪਰ ਜਿਹੜੀ ਕੁੜੀ ਕਿਸੇ ਹਾਣ ਦੇ ਮੁੰਡੇ ਨਾਲ ਡੇਢ ਸਾਲ ਤੋਂ ਖੁੱਲ੍ਹੇ ਤੌਰ ਤੇ ਦੋਸਤੀ ਕਰ ਰਹੀ ਹੋਵੇ ਤੇ ਉਸ ਨਾਲ ਹਮਬਿਸਤਰ ਵੀ ਹੋ ਰਹੀ ਹੋਵੇ ਤੇ ਉਹਦੇ ਦੂਜੇ ਕੁੜੀਆਂ ਨਾਲ ਰਿਸ਼ਤੇ ਬਾਰੇ ਵੀ ਜਾਣਦੀ ਹੋਵੇ, ਉਹ ਉਪਰਲੀ ਕਿਸਮ ਦੇ ਡਾਇਲਾਗ ਨਹੀਂ ਬੋਲੇਗੀ। ਉਹ ਰਵੀ ਤੋਂ ਫੈਸਲਾ ਤਾਂ ਜ਼ਰੂਰ ਮੰਗੇਗੀ ਪਰ ਉਹਦੇ ਵਿਚਾਰ ਇਹ ਨਹੀਂ ਹੋਣਗੇ।

ਇਸ ਦ੍ਰਿਸ਼ ਤੋਂ ਸਾਡੀ ਧਾਰਨਾ ਇਹ ਬਣਦੀ ਹੈ ਕਿ ਨਾਟਕਕਾਰ ਨੂੰ ਏਥੋਂ ਦੇ ਦੂਜੀ ਪੀੜ੍ਹੀ ਦੇ ਮੁੰਡਿਆਂ ਕੁੜੀਆਂ ਬਾਰੇ ਸਹੀ ਜਾਣਕਾਰੀ ਨਹੀਂ। ਜੇ ਹੁੰਦੀ ਤਾਂ ਉਹ ਪਿਆਰ ਸੰਬੰਧੀ ਸਭਿਆਚਾਰਕ ਕਦਰਾਂ ਕੀਮਤਾਂ ਦੀ ਟੱਕਰ ਪੇਸ਼ ਕਰਨ ਵਾਸਤੇ ਏਥੋਂ ਦੇ ਜੰਮੇ ਕੁੜੀ ਮੁੰਡੇ ਨੂੰ ਕਦੇ ਨਾ ਵਰਤਦਾ। ਇਹ ਟੱਕਰ ਦੂਜੀ ਪੀੜ੍ਹੀ ਦੇ ਬੱਚਿਆਂ ਤੇ ਪਹਿਲੀ ਪੀੜ੍ਹੀ ਦੇ ਮਾਪਿਆਂ ਦਰਮਿਆਨ ਵਾਪਰ ਰਹੀ ਹੈ। ਤੇ ਅਸਲੀ ਮਸਲਾ ਏਥੇ ਜੰਮੀਆਂ ਕੁੜੀਆਂ ਨੂੰ ਦਰਪੇਸ਼ ਹੈ ਕਿ ਉਹਨਾਂ ਨੂੰ ਉਹਨਾਂ ਦੇ ਬਣਦੇ ਹੱਕ, ਜਾਣੀ ਕਿ ਮੁੰਡਿਆਂ ਦੇ ਬਰਾਬਰ ਪੂਰੀ ਆਜ਼ਾਦੀ ਨਹੀਂ ਦਿੱਤੀ ਜਾ ਰਹੀ। ਕਨੇਡਾ ਵਿਚ ਜੰਮੀਆਂ ਤੇ ਪਲ਼ ਰਹੀਆਂ ਪੰਜਾਬੀ ਕੁੜੀਆਂ ਵੱਖੋ ਵੱਖਰੇ ਤਰੀਕੇ ਨਾਲ ਇਸ ਸਮੱਸਿਆ ਨਾਲ ਇਕੱਲੀਆਂ ਦੁਕੱਲੀਆਂ ਤੇ ਕਈ ਵਾਰੀ ਜਥੇਬੰਦ ਹੋ ਕੇ ਵੀ ਜਦੋਜਹਿਦ ਕਰਦੀਆਂ ਹਨ ਪਰ ਜਿਸ ਤਰੀਕੇ ਨਾਲ ਨੌਜਵਾਨਾਂ ਨੂੰ ਇਸ ਨਾਟਕ ਵਿਚ ਪੇਸ਼ ਕੀਤਾ ਗਿਆ ਹੈ ਅਜਿਹੀ ਕਿਸੇ ਸਥਿਤੀ ਜਾਂ ਸਮੱਸਿਆ ਦਾ ਝੌਲਾ ਵੀ ਨਹੀਂ ਪੈਂਦਾ।

ਫੇਰ ਵੀ ਜਿਸ ਤਰ੍ਹਾਂ ਨਾਟਕਕਾਰ ਨੇ ਇਹ ਸਭਿਆਚਾਰਕ ਟਕਰਾ ਪੇਸ਼ ਕੀਤਾ ਹੈ ਉਹ ਆਪਣੇ ਆਪ ਵਿਚ ਬੜੇ ਦਿਲਚਸਪ ਸਵਾਲ ਖੜ੍ਹੇ ਕਰਦਾ ਹੈ। ਨਾਟਕਕਾਰ ਨੇ ਮਿੱਕੀ ਨੂੰ ਹੀ ਕਿਉਂ ਪੰਜਾਬੀ ਕਦਰਾਂ ਕੀਮਤਾਂ ਲਈ ਤੜਪਦੀ ਦਿਖਾਇਆ ਹੈ ਰਵੀ ਨੂੰ ਕਿਉਂ ਨਹੀਂ? ਕੀ ਇਹ ਉਸਦੇ ਮਨ ਵਿਚ ਛੁਪੀ ਮਰਦ ਪ੍ਰਧਾਨ ਭਾਵਨਾ ਹੈ ਕਿ ਸਾਡੇ ਮੁੰਡੇ ਤਾਂ ਭਾਵੇਂ "ਖਰਾਬ" ਹੋ ਜਾਣ, ਜਾਣੀ ਕਿ ਪੱਛਮੀ ਕਦਰਾਂ ਕੀਮਤਾਂ ਵਿਚ ਚਲੇ ਜਾਣ ਪਰ ਕੁੜੀਆਂ ਨਾ ਉੱਧਰ ਜਾਣ?

**ਇਸ ਨਾਟਕ ਵਿਚ ਕੀ ਕੁੱਝ ਪੇਸ਼ ਨਹੀਂ ਕੀਤਾ ਗਿਆ**

ਸਭਿਆਚਾਰ, ਮੀਡੀਏ ਅਤੇ ਸਾਹਿਤ ਨੂੰ ਪਰਖਣ ਲਈ ਵਰਤੀ ਜਾਂਦੀ ਕਰਿਟੀਕਲ ਥਿਊਰੀ ਅਨੁਸਾਰ ਸਾਹਿਤਕ ਰਚਨਾ ਇਕ ਦਰਪਣ ਵਾਂਗ ਨਹੀਂ ਹੁੰਦੀ, ਜਿਸ ਵਿਚ ਸਮਾਜ ਦੀ ਕੋਈ "ਅਜ਼ਾਦ ਸਚਾਈ" ਪ੍ਰਤੀਬਿੰਬਤ ਹੁੰਦੀ ਹੈ, ਸਗੋਂ ਸਾਹਿਤਕ ਰਚਨਾ ਇਕ ਸਪਾਟ ਲਾਈਟ ਦਾ ਕੰਮ ਕਰਦੀ ਹੈ ਜਿਸ ਦੀ ਮਦਦ ਨਾਲ ਲੇਖਕ ਨੇ ਸਮਾਜ ਦੇ ਕੁੱਝ ਤੱਥਾਂ ਨੂੰ ਉਭਾਰਿਆ ਅਤੇ ਰੁਸ਼ਨਾਇਆ ਹੁੰਦਾ ਹੈ। ਇਸਦੇ ਨਾਲ ਹੀ ਸਪਾਟ ਲਾਈਟ ਦੇ ਘੇਰੇ ਤੋਂ ਬਾਹਰਲੇ ਤੱਥਾਂ ਨੂੰ ਹਨ੍ਹੇਰੇ ਵਿਚ ਰੱਖਿਆ ਹੁੰਦਾ ਹੈ। ਕਿਹੜੇ ਤੱਥਾਂ ਨੂੰ ਸਪਾਟ ਲਾਈਟ ਵਿਚ ਰੱਖਣਾ ਹੈ ਅਤੇ ਕਿਹੜੇ ਤੱਥਾਂ ਨੂੰ ਸਪਾਟ ਲਾਈਟ ਤੋਂ ਬਾਹਰ ਰੱਖਣਾ ਹੈ, ਇਸ ਦੀ ਚੋਣ ਲੇਖਕ ਕਰਦਾ ਹੈ। ਉਸਦੀ ਇਹ ਚੋਣ ਹੀ ਉਸਦੀ ਰਚਨਾ ਦਾ ਸੱਚ ਪੈਦਾ ਕਰਦੀ ਹੈ। ਦੇਖਣ ਵਾਲਿਆਂ ਨੂੰ ਉਸਦਾ ਪੇਸ਼ ਕੀਤਾ ਸੱਚ ਇਸ ਕਰਕੇ ਸੱਚਾ ਲੱਗਦਾ ਹੈ ਕਿਉਂਕਿ ਉਹਨਾਂ ਨੂੰ ਇਸ ਰੌਸ਼ਨੀ ਦੇ ਘੇਰੇ ਤੋਂ ਬਾਹਰ ਹਨ੍ਹੇਰੇ ਵਿਚ ਮੌਜੂਦ ਹੋਰ ਤੱਥ ਦਿਖਾਈ ਨਹੀਂ ਦਿੰਦੇ।

ਜੇ ਦੇਖਣ ਵਾਲਿਆਂ ਨੂੰ ਹਨ੍ਹੇਰੇ ਵਿਚ ਮੌਜੂਦ ਤੱਥ ਵੀ ਦਿਖਾਈ ਦੇਣ ਤਾਂ ਉਸ ਰਚਨਾ ਦਾ ਸੱਚ ਬਦਲ ਜਾਵੇਗਾ। ਇਸ ਗੱਲ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਇਕ ਉਦਾਹਰਣ ਦੀ ਮਦਦ ਲੈਂਦੇ ਹਾਂ। ਮੰਨ ਲਉ ਰੇਲਵੇ ਮਜ਼ਦੂਰ ਆਪਣੀਆਂ ਤਨਖਾਹਾਂ ਵਧਾਉਣ ਅਤੇ ਕੰਮ ਦੀਆਂ ਹਾਲਤਾਂ ਨੂੰ ਸੁਧਾਰਨ ਲਈ ਹੜਤਾਲ ਕਰ ਦਿੰਦੇ ਹਨ। ਇਸ ਹੜਤਾਲ ਬਾਰੇ ਰਚਨਾ ਕਰਨ ਵਾਲੇ ਰਚਨਕਾਰ ਕਈ ਤਰ੍ਹਾਂ ਦੇ ਸੱਚ ਪੇਸ਼ ਕਰ ਸਕਦੇ ਹਨ। ਜੇ ਇਸ ਹੜਤਾਲ ਨੂੰ ਕੌਮੀ ਹਿੱਤਾਂ ਦੇ ਵਿਰੁੱਧ ਦਿਖਾਉਣਾ ਹੈ ਤਾਂ ਲੇਖਕ ਇਸ ਹੜਤਾਲ ਕਾਰਨ ਰੇਲਵੇ ਤੋਂ ਹੋਣ ਵਾਲੀ ਆਮਦਨ ਦੇ ਬੰਦ ਹੋਣ ਨਾਲ ਸਰਕਾਰੀ ਖਜ਼ਾਨੇ ਨੂੰ ਪੈਣ ਵਾਲੇ ਘਾਟੇ, ਢੋਆ ਢੁਆਈ ਦੇ ਸਾਧਨਾਂ ਦੇ ਫੇਲ ਹੋਣ ਕਾਰਨ ਦੇਸ਼ ਦੇ ਵਪਾਰ ਨੂੰ ਹੋਣ ਵਾਲੇ ਨੁਕਸਾਨ, ਇਕ ਥਾਂ ਤੋਂ ਦੂਜੀ ਥਾਂ ਜਾਣ ਲਈ ਆਮ ਲੋਕਾਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਆਦਿ ਵਰਗੇ ਤੱਥਾਂ ਨੂੰ ਆਪਣੀ ਸਪਾਟ ਲਾਈਟ ਹੇਠ ਲਿਆਕੇ ਉਭਾਰੇਗਾ। ਇਸਦੇ ਨਾਲ ਨਾਲ ਘੱਟ ਤਨਖਾਹ ਕਾਰਨ ਪੈਦਾ ਹੋਈਆਂ ਮਜ਼ਦੂਰਾਂ ਦੀਆਂ ਤੰਗੀਆਂ, ਰੇਲਵੇ ਮੈਨੇਜਮੈਂਟ ਵੱਲੋਂ ਮਜ਼ਦੂਰਾਂ ਨਾਲ ਕੀਤੇ ਭੈੜੇ ਵਰਤਾਉ ਆਦਿ ਵਰਗੇ ਤੱਥਾਂ ਨੂੰ ਸਪਾਟ ਲਾਈਟ ਤੋਂ ਬਾਹਰ ਹਨ੍ਹੇਰੇ ਵਿਚ ਰੱਖੇਗਾ। ਤੇ ਜੇ ਲੇਖਕ ਨੇ ਇਸ ਦੇ ਉਲਟ ਸੱਚ ਸਿਰਜਣਾ ਹੈ ਤਾਂ ਉਹ ਮਜ਼ਦੂਰਾਂ ਦੀਆਂ ਤੰਗੀਆਂ, ਮੈਨੇਜਮੈਂਟ ਦੇ ਭੈੜੇ ਵਰਤਾਉ ਨੂੰ ਸਪਾਟ ਲਾਈਟ ਅਧੀਨ ਲਿਆਏਗਾ ਅਤੇ ਹੜਤਾਲ ਕਾਰਨ ਸਰਕਾਰੀ ਖਜ਼ਾਨੇ ਤੇ ਪੈਣ ਵਾਲੇ ਭਾਰ ਆਦਿ ਵਰਗੇ ਤੱਥਾਂ ਨੂੰ ਸਪਾਟ ਲਾਈਟ ਤੋਂ ਬਾਹਰ ਜਾਂ ਮੱਧਮ ਰੌਸ਼ਨੀ ਵਿਚ ਰੱਖੇਗਾ।

ਉੱਪਰ ਸਪਸ਼ਟ ਕੀਤੀ ਧਾਰਨਾ ਅਧੀਨ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜੇ ਅਸੀਂ ਕਿਸੇ ਰਚਨਾ ਦੇ ਸੱਚ ਨੂੰ ਸਮਝਣਾ ਹੈ ਤਾਂ ਅਸੀਂ ਉਸ ਰਚਨਾ ਦੀ ਸਪਾਟ ਲਾਈਟ ਅਧੀਨ ਆਏ ਤੱਥਾਂ ਨੂੰ ਘੋਖਣ ਦੇ ਨਾਲ ਨਾਲ ਉਸ ਰਚਨਾ ਦੀ ਸਪਾਟ ਲਾਈਟ ਦੇ ਘੇਰੇ ਤੋਂ ਬਾਹਰ ਰਹਿ ਗਏ ਜਾਂ ਛੱਡੇ ਗਏ ਤੱਥਾਂ ਵੱਲ ਵੀ ਧਿਆਨ ਦੇਈਏ। ਇਸ ਲਈ ਹੁਣ ਅਸੀਂ ਕਨੇਡਾ ਦੇ ਪੰਜਾਬੀਆਂ ਦੇ ਜੀਵਨ ਦੇ ਉਨ੍ਹਾਂ ਤੱਥਾਂ ਵੱਲ ਧਿਆਨ ਦੇਵਾਂਗੇ ਜਿਹਨਾਂ ਨੂੰ *ਕੈਮਲੂਪਸ ਦੀਆਂ ਮੱਛੀਆਂ* ਨਾਟਕ ਵਿਚ ਅੱਖੋਂ ਉਹਲੇ ਕੀਤਾ ਗਿਆ ਹੈ।

ਸੱਭ ਤੋਂ ਪਹਿਲਾਂ ਅਸੀਂ ਕਨੇਡਾ ਦੇ ਪੰਜਾਬੀਆਂ ਦੇ ਸਾਹਿਤ, ਗਿਆਨ ਅਤੇ ਸੋਚ ਬਾਰੇ ਗੱਲ ਕਰਾਂਗੇ। ਇਸ ਨਾਟਕ ਦਾ ਪਾਤਰ ਜੈਗ ਸਿੰਘ ਇਕ ਕਵੀ ਹੈ। ਇਸ ਕਰਕੇ ਸਾਡੇ ਖਿਆਲ ਵਿਚ ਉਹ ਨਾਟਕ ਵਿਚ ਕਨੇਡਾ ਦੇ ਪੰਜਾਬੀ ਸਾਹਿਤ, ਗਿਆਨ, ਬੌਧਿਕਤਾ ਅਤੇ ਸੋਚ ਦੀ ਪ੍ਰਤੀਨਿਧਤਾ ਕਰਦਾ ਹੈ। ਉਸ ਵੱਲੋਂ ਲਿਖੀ ਗਈ ਕਵਿਤਾ ਦੇ ਜਿਸ ਤਰ੍ਹਾਂ ਦੇ ਨਮੂਨੇ ਇਸ ਨਾਟਕ ਵਿਚ ਪੇਸ਼ ਕੀਤੇ ਗਏ ਹਨ ਅਤੇ ਜਿਸ ਤਰ੍ਹਾਂ ਦਾ ਉਸ ਦਾ ਆਚਰਣ ਪੇਸ਼ ਕੀਤਾ ਗਿਆ ਹੈ ਉਸਤੋਂ ਇਹ ਪ੍ਰਭਾਵ ਪੈਂਦਾ ਹੈ ਕਿ ਕਨੇਡਾ ਦਾ ਸਾਹਿਤ ਅਤੇ ਸਾਹਿਤਕਾਰ ਇਕ ਕੋਝੇ ਮਜ਼ਾਕ ਅਤੇ ਬੇਹੂਦਗੀ ਤੋਂ ਵੱਧ ਕੁੱਝ ਵੀ ਨਹੀਂ ਹਨ। ਅਸੀਂ ਇਹ ਮੰਨਦੇ ਹਾਂ ਕਿ ਜਿਸ ਤਰ੍ਹਾਂ ਦਾ ਕਵੀ ਇਸ ਨਾਟਕ ਵਿਚ ਪੇਸ਼ ਕੀਤਾ ਗਿਆ ਹੈ ਉਸ ਤਰ੍ਹਾਂ ਦੇ ਕਵੀ ਕਨੇਡਾ ਵਿਚ ਹਨ, ਉਸ ਤਰ੍ਹਾਂ ਦੇ ਕਵੀ ਪੰਜਾਬ ਵਿਚ ਵੀ ਹਨ ਤੇ ਹਰ ਥਾਂ ਅਤੇ ਹਰ ਜ਼ਬਾਨ ਵਿਚ ਹੁੰਦੇ ਹਨ। ਪਰ ਸਾਡਾ ਸਵਾਲ ਹੈ ਕਿ ਕੀ ਜੈਗ ਸਿੰਘ ਵਰਗੇ ਕਵੀ ਕਨੇਡਾ ਦੀ ਪ੍ਰਤੀਨਿਧਤਾ ਕਰਦੇ ਹਨ? ਜਵਾਬ ਹੈ ਨਹੀ। ਜੇ ਅਸੀਂ ਕਨੇਡਾ ਵਿਚ ਪਿਛਲੇ 25 ਸਾਲ ਤੋਂ ਲਿਖੀ ਜਾ ਰਹੀ ਕਵਿਤਾ ਅਤੇ ਸਮੁੱਚੇ ਸਾਹਿਤ ਵੱਲ ਸੁਹਿਰਦਿਤਾ ਨਾਲ ਦੇਖੀਏ ਤਾਂ ਅਸੀਂ ਦੇਖਦੇ ਹਾਂ ਕਿ ਕਨੇਡਾ ਦੇ ਸਾਹਿਤਕਾਰ ਗੰਭੀਰਤਾ ਨਾਲ ਕਨੇਡਾ ਵਿਚ ਪੰਜਾਬੀਆਂ ਨੂੰ ਪੇਸ਼ ਆਉਂਦੇ ਮਸਲਿਆਂ ਬਾਰੇ ਗੱਲ ਕਰ ਰਹੇ ਹਨ। ਨਸਲਵਾਦ, ਔਰਤਾਂ ਦੀਆਂ ਸਮੱਸਿਆਵਾਂ, ਪੀੜ੍ਹੀਆਂ ਵਿਚਕਾਰ ਪਾੜਾ, ਪੰਜਾਬੀਆਂ ਨੂੰ ਕੰਮਾਂ ਤੇ ਆਉਂਦੀਆਂ ਸਮੱਸਿਆਵਾਂ ਦੀ ਗੱਲ ਕਨੇਡਾ ਦੇ ਪੰਜਾਬੀ ਸਾਹਿਤ ਵਿਚ ਆਮ ਮਿਲਦੀ ਹੈ। ਜਿੱਥੇ ਇਹ ਸਾਹਿਤ ਕਨੇਡਾ ਵਿਚ ਪੰਜਾਬੀਆਂ ਦੇ ਜੀਵਨ ਵਿਚ ਆਉਂਦੀਆਂ ਮੁਸ਼ਕਿਲਾਂ ਦੀ ਗੱਲ ਕਰਦਾ ਹੈ ਉਸ ਦੇ ਨਾਲ ਹੀ ਕਨੇਡੀਅਨ ਪੰਜਾਬੀਆਂ ਵੱਲੋਂ ਇਹਨਾਂ ਮੁਸ਼ਕਿਲਾਂ ਦੇ ਹੱਲ ਲੱਭਣ ਲਈ ਕੀਤੇ ਜਾਂਦੇ ਯਤਨਾਂ ਅਤੇ ਜਦੋਜਹਿਦ ਦੀ ਵੀ ਗੱਲ ਕਰਦਾ ਹੈ। (ਕਨੇਡੀਅਨ ਪੰਜਾਬੀ ਸਾਹਿਤ ਬਾਰੇ ਇਸ ਤਰ੍ਹਾਂ ਦੇ ਵਿਚਾਰ ਵਟਾਂਦਰੇ ਨੂੰ ਹੋਰ ਵਿਸਥਾਰ ਨਾਲ ਜਾਨਣ ਲਈ ਪੰਜਾਬੀ ਲੇਖਕ ਮੰਚ ਵੈਨਕੂਵਰ ਵੱਲੋਂ ਪ੍ਰਕਾਸ਼ਿਤ ਕਿਤਾਬ "ਕਨੇਡਾ ਦਾ ਸਾਹਿਤ ਅਤੇ ਸਭਿਆਚਾਰ" ਪੜ੍ਹੀ ਜਾ ਸਕਦੀ ਹੈ।) ਸਾਹਿਤ ਦੇ ਨਾਲ ਨਾਲ ਸਿਆਸੀ ਅਤੇ ਸਮਾਜਕ ਪੱਧਰ ਉੱਤੇ ਵੀ ਕਨੇਡੀਅਨ ਪੰਜਾਬੀ ਲੋਕ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਲਗਾਤਾਰ ਯਤਨ ਕਰਦੇ ਆ ਰਹੇ ਹਨ। ਪਰ ਇਸ ਨਾਟਕ ਵਿਚ ਇਸ ਸੱਭ ਕਾਸੇ ਨੂੰ ਅੱਖੋਂ ਉਹਲੇ ਕੀਤਾ ਗਿਆ ਹੈ। ਜੇ ਇਸ ਨਾਟਕ ਵਿਚ ਇਹਨਾਂ ਗੱਲਾਂ ਦਾ ਖਿਆਲ ਰੱਖਿਆ ਜਾਂਦਾ ਤਾਂ ਕੀ ਇਸ ਨਾਟਕ ਦਾ ਸੱਚ ਇਹ ਹੀ ਹੁੰਦਾ ਜੋ ਉਸ ਵਿਚ ਪੇਸ਼ ਕੀਤਾ ਗਿਆ ਹੈ?

ਇਸ ਤੋਂ ਅਗਾਂਹ ਅਸੀਂ ਇਸ ਨਾਟਕ ਵਿਚ ਕਨੇਡਾ ਵਿਚ ਪੰਜਾਬੀਆਂ ਦੀ ਦੂਜੀ ਪੀੜ੍ਹੀ ਦੇ ਜੀਵਨ ਦੇ ਉਹਨਾਂ ਪੱਖਾਂ ਦੀ ਗੱਲ ਕਰਾਂਗੇ ਜਿਹਨਾਂ ਨੂੰ ਇਸ ਨਾਟਕ ਵਿਚ ਅੱਖੋਂ ਉਹਲੇ ਕੀਤਾ ਗਿਆ ਹੈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਇਸ ਨਾਟਕ ਵਿਚ ਮੋਟੇ ਰੂਪ ਵਿਚ ਇਹ ਦੱਸਿਆ ਗਿਆ ਹੈ ਕਿ ਸਾਡੀ ਦੂਜੀ ਪੀੜ੍ਹੀ ਦੇ ਮੁੰਡੇ "ਪਲੇ ਬੁਆਇਜ਼" ਵਾਂਗ ਨਿੱਤ ਨਵੀਂ ਕੁੜੀ ਲੱਭਦੇ ਫਿਰਦੇ ਹਨ ਅਤੇ ਕੁੜੀਆਂ ਇਹਨਾਂ ਮੁੰਡਿਆਂ ਦੀ ਖੇਡ ਦਾ ਸ਼ਿਕਾਰ ਹੁੰਦੀਆਂ ਹਨ ਤੇ ਮਾਯੂਸ ਹੋ ਰੋਂਦੀਆਂ ਹਨ। ਇਸ ਤੋਂ ਅਗਾਂਹ ਨਾਟਕ ਇਹ ਕਹਿੰਦਾ ਹੈ ਕਿ ਸਾਡੇ ਨੌਜਵਾਨਾਂ ਦੀ ਇਸ ਸੋਚ ਕਾਰਨ ਮਾਪਿਆਂ ਅਤੇ ਬੱਚਿਆਂ ਵਿਚਕਾਰ ਨਾ ਮਿਟਣ ਵਾਲਾ ਪਾੜਾ ਹੈ। ਕੀ ਸਾਡੀ ਨੌਜਵਾਨ ਪੀੜ੍ਹੀ ਦੀ ਜ਼ਿੰਦਗੀ ਸਿਰਫ ਸੈਕਸ ਦੁਆਲੇ ਹੀ ਘੁੰਮਦੀ ਹੈ? ਜਵਾਬ ਹੈ ਨਹੀਂ। ਅੱਜ ਇਸ ਗੱਲ ਦੇ ਸਬੂਤ ਥਾਂ ਪਰ ਥਾਂ ਮੌਜੂਦ ਹਨ ਕਿ ਸਾਡੀ ਨੌਜਵਾਨ ਪੀੜ੍ਹੀ ਕਨੇਡਾ ਦੇ ਸਿਆਸੀ, ਸਭਿਆਚਾਰਕ, ਸਮਾਜਕ ਅਤੇ ਆਰਥਿਕ ਜੀਵਨ ਵਿਚ ਪੂਰੀ ਸਰਗਰਮੀ ਨਾਲ ਸ਼ਾਮਲ ਹੋ ਕੇ ਆਪਣੇ ਲਈ ਅਤੇ ਆਪਣੇ ਭਾਈਚਾਰੇ ਲਈ ਸਨਮਾਨਯੋਗ ਥਾਂ ਬਣਾਉਣ ਦੇ ਯਤਨ ਕਰ ਰਹੀ ਹੈ ਅਤੇ ਉਸ ਵਿਚ ਕਾਮਯਾਬ ਵੀ ਹੋ ਰਹੀ ਹੈ। ਉਦਾਹਰਣ ਲਈ ਬੀ. ਸੀ. ਵਿਚ ਪੰਜਾਬੀ/ਭਾਰਤੀ ਭਾਈਚਾਰੇ ਵਿਚੋਂ ਬਣਨ ਵਾਲ ਪਹਿਲਾਂ ਐਮ. ਐਲ. ਏ. ਮੋਅ ਸਹੋਤਾ ਦੂਜੀ ਪੀੜ੍ਹੀ ਵਿਚੋਂ ਹੈ। ਉਸਦਾ ਨਾਂ ਬੀ. ਸੀ. ਵਿਚ ਪੰਜਾਬੀ ਬੋਲੀ ਨੂੰ ਦੂਜੀ ਬੋਲੀ ਦਾ ਦਰਜਾ ਦੁਆਉਣ ਵਿਚ ਮੋਢੀ ਭੂਮਿਕਾ ਨਿਭਾਉਣ ਵਾਲਿਆਂ ਵਿਚ ਇਕ ਖਾਸ ਥਾਂ ਰੱਖਦਾ ਹੈ। ਇਸੇ ਤਰ੍ਹਾਂ ਅੱਜ ਅਸੀਂ ਕਿੰਨੇ ਹੀ ਨੌਜਵਾਨਾਂ ਨੂੰ ਸਿਆਸੀ ਖੇਤਰ ਵਿਚ ਸਰਗਰਮ ਦੇਖ ਸਕਦੇ ਹਾਂ ਅਤੇ ਕਿੰਨੇ ਹੀ ਉੱਚਪੱਧਰੀ ਸਰਕਾਰੀ ਅਹੁਦਿਆਂ 'ਤੇ

ਸਥਾਪਤ ਹਨ। ਸਿਆਸੀ ਖੇਤਰ ਤੋਂ ਬਿਨਾਂ ਸਾਡੇ ਨੌਜਵਾਨ ਹਰ ਕਿਸਮ ਦੇ ਪ੍ਰੋਫੈਸ਼ਨ, ਵਪਾਰਕ ਤੇ ਤਕਨੀਕੀ ਖੇਤਰਾਂ ਵਿਚ ਵੀ ਵੱਡੀਆਂ ਮੱਲਾਂ ਮਾਰ ਰਹੇ ਹਨ। ਉਹ ਏਥੋਂ ਦੇ ਸਭਿਆਚਾਰਕ, ਸਾਹਿਤਕ ਤੇ ਖੇਡਾਂ ਆਦਿ ਦੇ ਖੇਤਰਾਂ ਵਿਚ ਵੀ ਬੜੀ ਸਰਗਰਮੀ ਨਾਲ ਯਤਨਸ਼ੀਲ ਹਨ। ਉਦਾਹਰਣ ਲਈ ਸੰਨ 1996 ਦੀ ਉਲੰਪਿਕ ਵਿਚ ਜਾਣ ਵਾਲੀ ਕਨੇਡਾ ਦੀ ਭਲਵਾਨਾਂ ਦੀ ਟੀਮ ਵਿਚ ਦੂਜੀ ਪੀੜ੍ਹੀ ਦਾ ਇਕ ਪੰਜਾਬੀ ਵੀ ਸ਼ਾਮਲ ਸੀ ਤੇ ਕਨੇਡਾ ਦੀ ਗਰਾਸ ਹਾਕੀ ਦੀ ਟੀਮ ਵਿਚ ਪੰਜਾਬੀਆਂ ਦਾ ਕਾਫੀ ਦੇਰ ਤੋਂ ਬੋਲ ਬਾਲ਼ਾ ਰਿਹਾ ਹੈ।

ਨੌਜਵਾਨਾਂ ਬਾਰੇ ਗੱਲ ਕਰਦਿਆਂ ਇਸ ਨਾਟਕ ਵਿਚ ਸਾਡੀ ਦੂਜੀ ਪੀੜ੍ਹੀ ਦੀਆਂ ਕੁੜੀਆਂ ਦਾ ਕਿਸੇ ਕਿਸਮ ਦਾ ਯੋਗਦਾਨ ਨਹੀਂ ਦਿਖਾਇਆ ਗਿਆ। ਇਸ ਨਾਟਕ ਵਿਚ ਉਹ ਸਿਰਫ ਆਪਣੇ ਹਾਣ ਦੇ ਮਰਦਾਂ ਤੋਂ ਵਿਆਹ ਦੀ ਕੁਮਿੱਟਮੈਂਟ ਹੀ ਮੰਗਦੀਆਂ ਹਨ। ਅਸਲ ਵਿਚ ਦੂਜੀ ਪੀੜ੍ਹੀ ਦੀਆਂ ਸਾਡੀਆਂ ਨੌਜਵਾਨ ਕੁੜੀਆਂ ਬਹੁਤ ਕੁੱਝ ਗੌਲਣਯੋਗ ਕੰਮ ਕਰ ਰਹੀਆਂ ਹਨ। ਅਸੀਂ ਆਪਣੇ ਤਜਰਬੇ (ਵੈਨਕੂਵਰ ਸੱਥ ਅਤੇ ਵੈਨਕੂਵਰ ਵਿਚ ਹੁੰਦੀਆਂ ਹੋਰ ਸਰਗਰਮੀਆਂ ਦੇ ਆਧਾਰ 'ਤੇ) ਅਨੁਸਾਰ ਕਹਿ ਸਕਦੇ ਹਾਂ ਕਿ ਕਨੇਡਾ ਦੇ ਸਿਆਸੀ, ਸਮਾਜਕ, ਸਾਹਿਤਕ ਜੀਵਨ ਵਿਚ ਦੂਜੀ ਪੀੜ੍ਹੀ ਦੀਆਂ ਕੁੜੀਆਂ/ਔਰਤਾਂ ਦੂਜੀ ਪੀੜ੍ਹੀ ਦੇ ਮੁੰਡਿਆਂ/ਮਰਦਾਂ ਨਾਲੋਂ ਜ਼ਿਆਦਾ ਸੁਹਿਰਦਤਾ ਅਤੇ ਵਚਨਬੱਧਤਾ ਨਾਲ ਸ਼ਮੂਲੀਅਤ ਕਰਦੀਆਂ ਹਨ। ਇਹ ਜਾਨਣ ਲਈ ਵੈਨਕੂਵਰ ਤੋ ਨਿਕਲੇ ਮੈਗਜ਼ੀਨ ਅੰਕੁਰ ਦੇ ਅੰਕ, ਟਰਾਂਟੋ ਤੋਂ ਨਿਕਲਦੇ ਮੈਗਜ਼ੀਨ ਦੀਵਾ ਅਤੇ ਮਾਂਟਰੀਆਲ ਤੋਂ ਨਿਕਲਦੇ ਮਾਸਕ ਸਰਾਏ ਆਦਿ ਦੇ ਅੰਕਾਂ ਨੂੰ ਪੜ੍ਹਿਆ ਜਾ ਸਕਦਾ ਹੈ।

ਨਾਟਕ ਵਿਚ ਪੇਸ਼ ਕੀਤਾ ਗਿਆ ਪੀੜ੍ਹੀਆਂ ਵਿਚਲਾ ਪਾੜਾ ਬਹੁਤ ਹੀ ਸਾਧਾਰਨ ਪੱਧਰ ਤੇ ਪੇਸ਼ ਕੀਤਾ ਗਿਆ ਹੈ। ਇਹ ਗੱਲ ਸੱਚ ਹੈ ਕਿ ਕਈ ਗੱਲਾਂ ਵਿਚ ਪਹਿਲੀ ਅਤੇ ਦੂਜੀ ਪੀੜ੍ਹੀ ਦੀ ਸੋਚਣੀ ਦਾ ਫਰਕ ਉਹਨਾਂ ਦੇ ਆਪਸੀ ਰਿਸ਼ਤਿਆਂ ਵਿਚ ਤਣਾਅ ਪੈਦਾ ਕਰਦਾ ਹੈ ਜਿਵੇਂ ਕਿ ਹਰ ਜਗ੍ਹਾ ਤੇ ਹਰ ਸਮੇਂ ਹੁੰਦਾ ਹੀ ਹੈ। ਪਰ ਇਸ ਦੇ ਨਾਲ ਹੀ ਇਹ ਗੱਲ ਵੀ ਸੱਚ ਹੈ ਕਿ ਕਨੇਡੀਅਨ ਜੀਵਨ ਦੇ ਕਿੰਨੇ ਹੀ ਅਜਿਹੇ ਪੱਖ ਹਨ, ਮਸਲੇ ਹਨ, ਜਿਹਨਾਂ ਵਿਚ ਦੂਜੀ ਪੀੜ੍ਹੀ ਪਹਿਲੀ ਪੀੜ੍ਹੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਹੈ। ਉਦਾਹਰਣ ਲਈ, ਵੈਨਕੂਵਰ ਵਿਚ ਸੈਕਸ ਸਿਲੈਕਸ਼ਨ (ਲਿੰਗ ਚੋਣ) ਸੰਬੰਧੀ ਚੱਲੇ ਘੋਲ ਦੀ ਗੱਲ ਕੀਤੀ ਜਾ ਸਕਦੀ ਹੈ। ਇਸ ਘੋਲ ਨੂੰ ਜਥੇਬੰਦ ਕਰਨ ਅਤੇ ਉਸਦੀ ਅਗਵਾਈ ਕਰਨ ਵਾਲੀਆਂ ਔਰਤਾਂ ਵਿਚ ਵੱਡੀ ਗਿਣਤੀ ਦੂਜੀ ਪੀੜ੍ਹੀ ਦੀਆਂ ਨੌਜਵਾਨ ਔਰਤਾਂ ਦੀ ਸੀ। ਇਸ ਜਦੋਜਹਿਦ ਵਿਚ ਸ਼ਾਮਲ ਦੂਜੀ ਪੀੜ੍ਹੀ ਦੀਆਂ ਕੁੜੀਆਂ/ਅਤੇ ਔਰਤਾਂ ਨਾਲ ਕੀਤੀ ਗੱਲਬਾਤ ਤੋਂ ਸਾਡਾ ਇਹ ਪ੍ਰਭਾਵ ਬਣਿਆ ਹੈ ਕਿ ਦੂਜੀ ਪੀੜ੍ਹੀ ਪਹਿਲੀ ਪੀੜ੍ਹੀ ਦੇ ਦਰਦ, ਖੁਸ਼ੀ ਅਤੇ ਤਜਰਬੇ ਨੂੰ ਸਮਝਣਾ ਚਾਹੁੰਦੀ ਹੈ ਅਤੇ ਕਨੇਡੀਅਨ ਜੀਵਨ ਦੇ ਕਿੰਨੇ ਹੀ ਖੇਤਰਾਂ ਵਿਚ ਦੂਜੀ ਪੀੜ੍ਹੀ ਪਹਿਲੀ ਪੀੜ੍ਹੀ ਨਾਲ ਸਾਂਝ ਮਹਿਸੂਸ ਕਰਦੀ ਹੈ। ਸਾਡੀ ਦੂਜੀ ਪੀੜ੍ਹੀ ਦੇ ਨੌਜਵਾਨਾਂ ਦੀ ਜ਼ਿੰਦਗੀ ਦੇ ਇਹ ਪਹਿਲੂ ਇਸ ਨਾਟਕ ਵਿਚ ਅੱਖੋਂ ਉਹਲੇ ਕੀਤੇ ਗਏ ਹਨ।

ਪਹਿਲੀ ਪੀੜ੍ਹੀ ਦੇ ਪੰਜਾਬੀਆਂ ਵਲੋਂ ਆਪਣੇ ਬੱਚਿਆਂ ਦੀ ਪੜ੍ਹਾਈ ਸੰਬੰਧੀ ਪੇਸ਼ ਕੀਤੇ ਨਜ਼ਰੀਏ ਦੀ ਗੱਲ ਜੋ ਅਸੀਂ ਪਹਿਲੇ ਹਿੱਸੇ ਵਿਚ ਛੋਹੀ ਸੀ ਹੁਣ ਹੋਰ ਵਿਸਥਾਰ ਵਿਚ ਕਰਦੇ ਹਾਂ। ਬਰਜਿੰਦਰ ਸਿੰਘ ਆਪਣੇ ਬੱਚਿਆਂ ਵਲੋਂ ਜ਼ਿਆਦਾ ਨਾ ਪੜ੍ਹਨ ਉੱਤੇ ਖੁਸ਼ ਹੈ ਕਿਉਂਕਿ ਉਸਦਾ ਵਿਚਾਰ ਹੈ ਕਿ ਜੇ ਉਸਦੇ ਬੱਚੇ ਜ਼ਿਆਦਾ ਪੜ੍ਹ ਜਾਂਦੇ ਤਾਂ ਉਹਨਾਂ ਨੇ ਉਸਦੇ ਆਗਿਆਕਾਰ ਨਹੀਂ ਸੀ ਰਹਿਣਾ। ਸੁਰਜੀਤ ਸਿੰਘ ਦੇ ਬੱਚੇ ਪੜ੍ਹੇ ਹੋਏ ਹਨ ਪਰ ਉਹ ਵੀ ਇਸ ਗੱਲੋਂ ਨਾ-ਖੁਸ਼ ਹੈ ਕਿਉਂਕਿ ਉਸ ਦੇ ਬੱਚਿਆਂ ਨੇ ਗੋਰਿਆਂ ਨਾਲ ਵਿਆਹ ਕਰਵਾ ਲਿਆ ਹੈ। ਬੇਸ਼ੱਕ ਨਾਟਕ ਦਾ ਇਕ ਹੋਰ ਪਾਤਰ ਕੈਲੀ ਸਿੰਘ ਇਹਨਾਂ ਦੋਹਾਂ ਦੇ ਵਿਚਾਰ ਦੇ ਉਲਟ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਨਾਟਕ ਵਿਚੋਂ ਸਮੁੱਚਾ ਪ੍ਰਭਾਵ ਇਹ ਉਭਰਦਾ ਹੈ ਕਿ ਕਨੇਡਾ ਦੇ ਪੰਜਾਬੀ ਆਪਣੇ ਬੱਚਿਆਂ ਨੂੰ ਬਹੁਤੀ ਵਿਦਿਆ ਦੇਣ ਦੇ ਹੱਕ ਵਿਚ ਨਹੀਂ ਕਿਉਂਕਿ ਉਹਨਾਂ ਨੂੰ ਡਰ ਹੈ ਕਿ ਪੜ੍ਹ ਕੇ ਉਹਨਾਂ ਦੇ ਬੱਚੇ ਮਾਪਿਆਂ ਦੇ ਆਗਿਆਕਾਰ ਨਹੀਂ ਰਹਿਣਗੇ ਅਤੇ ਵਿਗੜ ਜਾਣਗੇ। ਇਸਨੂੰ ਉਹ ਆਪਣੇ ਸਭਿਆਚਾਰ ਤੋਂ ਦੂਰ ਚਲੇ ਜਾਣ ਦਾ ਨਾਮ ਦਿੰਦੇ ਹਨ।

ਸਾਡੇ ਖਿਆਲ ਵਿਚ ਇਹ ਵੀ ਕਨੇਡਾ ਦੇ ਪੰਜਾਬੀਆਂ ਬਾਰੇ ਪੂਰਾ ਸੱਚ ਨਹੀਂ ਹੈ। ਕਨੇਡਾ ਵਿਚ ਪੰਜਾਬੀਆਂ ਦਾ ਇਤਿਹਾਸ ਇਹ ਦਸਦਾ ਹੈ ਕਿ ਉਹਨਾਂ ਨੇ ਆਪਣੀ ਅਗਲੀ ਪੀੜ੍ਹੀ ਨੂੰ ਅਗਾਂਹ ਪੜ੍ਹਨ ਲਈ ਸਦਾ ਪ੍ਰੇਰਿਆ ਹੈ। ਕਨੇਡਾ ਵਿਚ 1920ਵਿਆਂ ਦੌਰਾਨ ਰਹਿ ਰਹੇ ਪੰਜਾਬੀਆਂ ਦੇ ਜੀਵਨ ਬਾਰੇ ਸਾਧੂ ਸਿੰਘ ਧਾਮੀ ਦੇ ਲਿਖੇ ਨਾਵਲ ਮਲੂਕਾ ਜਿਸ ਦਾ ਅਸੀਂ ਪਹਿਲਾਂ ਜ਼ਿਕਰ ਕਰ ਚੁੱਕੇ ਹਾਂ, ਵਿਚ ਪੰਜਾਬ ਦੇ ਪਿੰਡਾਂ ਤੋਂ ਆਏ "ਅਨਪੜ੍ਹ" ਪੰਜਾਬੀ ਮਲੂਕੇ ਨੂੰ ਵਾਰ ਵਾਰ ਉੱਚੀ ਵਿਦਿਆ ਹਾਸਲ ਕਰਨ ਲਈ ਪ੍ਰੇਰਦੇ ਹਨ। ਕਨੇਡਾ ਦੇ ਬਹੁਗਿਣਤੀ ਪੰਜਾਬੀ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਹਨ। ਸ਼ਾਇਦ ਇਹ ਇਸ ਲਈ ਹੈ ਕਿ ਪਹਿਲੀ ਪੀੜ੍ਹੀ ਦੇ ਪੰਜਾਬੀਆਂ ਨੂੰ ਘੱਟ ਪੜ੍ਹੇ ਲਿਖੇ ਹੋਣ ਕਰਕੇ ਜਾਂ ਉਹਨਾਂ ਦੀ ਪੜ੍ਹਾਈ ਦੀ ਕਨੇਡਾ ਵਿਚ ਕਦਰ ਨਾ ਹੋਣ ਕਰਕੇ ਕਈ ਤਰ੍ਹਾਂ ਦੇ ਵਿਤਕਰੇ ਅਤੇ ਔਖਿਆਈਆਂ ਦਾ ਸਾਹਮਣਾ ਕਰਨਾ ਪਿਆ ਹੈ। ਨਾਲ ਹੀ ਅੱਜ ਅਸੀਂ ਜਾਣਕਾਰੀ ਯੁੱਗ ਵਿਚ ਜੀ ਰਹੇ ਹਾਂ। ਅਨਪੜ੍ਹ ਬੰਦਾ ਵੀ ਇਸ ਗੱਲ ਦੀ ਮਹੱਤਤਾ ਸਮਝਦਾ ਹੈ ਤੇ ਚਾਹੁੰਦਾ ਹੈ ਕਿ ਉਸਦੇ ਬੱਚੇ ਜੀਵਨ ਦੇ ਪੰਧ ਲਈ ਪੂਰੀ ਤਰ੍ਹਾਂ ਤਿਆਰ ਹੋਣ। ਇਸ ਲਈ ਉਹ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੁੰਦੇ ਹਨ ਅਤੇ ਇਸ ਲਈ ਕੁੱਝ ਵੀ ਕਰਨ ਨੂੰ ਤਿਆਰ ਹਨ। ਆਪਣੇ ਬੱਚਿਆਂ ਦੀ ਪੜ੍ਹਾਈ ਦੇ ਫਿਕਰ ਵਜੋਂ ਹੀ ਬੀ. ਸੀ. ਦੇ ਸਕੂਲਾਂ ਵਿਚ ਪੰਜਾਬੀ ਬੋਲੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿਵਾਉਣ ਵਰਗਾ ਕੰਮ ਸੰਭਵ ਹੋ ਸਕਿਆ ਹੈ। *ਨਾਟਕ ਕੈਮਲੂਪਸ ਦੀਆਂ ਮੱਛੀਆਂ* ਵਿਚ ਇਸ ਗੱਲ ਨੂੰ ਅੱਖੋਂ ਉਹਲੇ ਕੀਤਾ ਗਿਆ ਹੈ। ਜੇ ਇਹ ਨਾਟਕ ਇਸ ਗੱਲ ਦਾ ਧਿਆਨ ਰੱਖਦਾ ਤਾਂ ਕੀ ਇਸ ਨਾਟਕ ਦਾ ਸੱਚ ਉਹ ਹੀ ਹੁੰਦਾ ਜੋ ਇਸ ਵਿਚ ਪੇਸ਼ ਕੀਤਾ ਗਿਆ ਹੈ?

ਹੁਣ ਅਸੀਂ ਇਸ ਨਾਟਕ ਵਿਚ ਜ਼ਿਕਰ ਕੀਤੇ ਦੋ ਪਾਤਰਾਂ ਕੁਲਦੀਪ ਸਿੰਘ ਅਤੇ ਸਿਮਰਨ ਕੌਰ ਬਾਰੇ ਗੱਲ ਕਰਾਂਗੇ। ਇਹ

ਦੋਵੇਂ ਪਾਤਰ ਮੰਚ ਉੱਤੇ ਨਹੀਂ ਆਉਂਦੇ ਪਰ ਉਹਨਾਂ ਦਾ ਨਾਟਕ ਵਿਚ ਜ਼ਿਕਰ ਹੈ। ਕੁਲਦੀਪ ਸਿੰਘ ਨੇ ਹਿੰਦੁਸਤਾਨ ਵਿਚ ਇੰਜਨੀਅਰਿੰਗ ਕੀਤੀ ਹੋਈ ਹੈ ਅਤੇ ਸਿਮਰਨ ਕੌਰ ਨੇ ਡਾਕਟਰੀ। ਸਿਮਰਨ ਕੌਰ ਬਰਜਿੰਦਰ ਸਿੰਘ ਦੇ ਘੱਟ ਪੜ੍ਹੇ ਲੜਕੇ ਧਰਮ ਸਿੰਘ ਨਾਲ ਵਿਆਹ ਕਰਵਾ ਕੇ ਕਨੇਡਾ ਪਹੁੰਚਦੀ ਹੈ ਅਤੇ ਕੁਲਦੀਪ ਸਿੰਘ ਬਰਜਿੰਦਰ ਸਿੰਘ ਦੀ ਘੱਟ ਪੜ੍ਹੀ ਲੜਕੀ ਮਿੰਦੋ ਨਾਲ ਵਿਆਹ ਕਰਵਾ ਕੇ ਕਨੇਡਾ ਪਹੁੰਚਦਾ ਹੈ। ਪਰ ਇਥੇ ਆਕੇ ਉਹਨਾਂ ਨੂੰ ਕ੍ਰਮਵਾਰ ਧਰਮ ਸਿੰਘ ਅਤੇ ਮਿੰਦੋ ਆਪਣੇ ਆਪਣੇ ਯੋਗ ਨਹੀਂ ਲੱਗਦੇ। ਇਸ ਲਈ ਉਹ ਉਹਨਾਂ ਦੋਹਾਂ ਨੂੰ ਛੱਡ ਜਾਂਦੇ ਹਨ ਅਤੇ ਇਕੱਠੇ ਰਹਿਣ ਲੱਗਦੇ ਹਨ। ਇਸ ਜ਼ਿਕਰ ਨਾਲ ਨਾਟਕ ਵਿਚ ਕਨੇਡਾ ਵਿਚਲੇ ਬਰਜਿੰਦਰ ਸਿੰਘ ਅਤੇ ਉਸਦੇ ਪਰਿਵਾਰ ਦੀ ਹੈਂਕੜ ਅਤੇ ਮੂਰਖਤਾ ਨੂੰ ਉਜਾਗਰ ਕਰਨ ਦੀ ਕਾਮਯਾਬ ਕੋਸ਼ਿਸ਼ ਹੈ। ਪਰ ਇਸ ਜ਼ਿਕਰ ਨਾਲ ਬੱਝਾ ਹੋਇਆ ਸੱਚ ਹੋਰ ਵੀ ਹੈ ਜੋ ਇਸ ਨਾਟਕ ਵਿਚ ਅੱਖੋਂ ਉਹਲੇ ਕੀਤਾ ਗਿਆ ਹੈ। ਉਹ ਸੱਚ ਹੈ ਹਿੰਦੁਸਤਾਨ ਦੇ ਪੰਜਾਬ ਵਿਚਲੀਆਂ ਉਹ ਆਰਥਿਕ, ਸਮਾਜਕ, ਸਭਿਆਚਾਰਕ ਅਤੇ ਭ੍ਰਿਸ਼ਟ ਸਥਿਤੀਆਂ ਜਿਹਨਾਂ ਕਾਰਨ ਇੰਜਨੀਅਰਿੰਗ ਅਤੇ ਡਾਕਟਰੀ ਦੀ ਪੜ੍ਹਾਈ ਕਰ ਚੁੱਕੇ ਨੌਜਵਾਨ ਮੁੰਡੇ ਕੁੜੀ ਨੂੰ ਆਪਣੇ ਤੋਂ ਘੱਟ ਪੜ੍ਹੇ ਲਿਖੇ ਪੰਜਾਬੀ-ਕਨੇਡੀਅਨਾਂ ਨਾਲ ਵਿਆਹ ਕਰਾਉਣ ਲਈ ਅਤੇ ਇਹਨਾਂ ਵਿਆਹਾਂ ਨੂੰ ਕਨੇਡਾ ਆਉਣ ਲਈ ਪੌੜੀ ਦੇ ਤੌਰ ਉੱਤੇ ਵਰਤਣ ਲਈ ਮਜਬੂਰ ਹੋਣਾ ਪੈਂਦਾ ਹੈ। ਜੇ ਨਾਟਕ ਵਿਚ ਜਾਂ ਨਾਟਕ ਲਿਖਣ ਸਮੇਂ ਪਿਛੋਕੜ ਵਿਚ ਇਹਨਾਂ ਸਥਿਤੀਆਂ ਦਾ ਧਿਆਨ ਰੱਖਿਆ ਹੁੰਦਾ ਤਾਂ ਕੀ ਇਸ ਨਾਟਕ ਦਾ ਸੱਚ ਉਹ ਹੁੰਦਾ ਜੋ ਇਸ ਵਿਚ ਪੇਸ਼ ਕੀਤਾ ਗਿਆ ਹੈ? ਸਾਡੇ ਖਿਆਲ ਵਿਚ ਨਹੀਂ। ਨਾਟਕ ਵਿਚ ਜ਼ਿਕਰ ਕੀਤੀ ਇਸ ਘਟਨਾ ਦੇ ਵਾਪਰਨ ਪਿੱਛੇ ਕਨੇਡਾ ਦੀਆਂ ਸਥਿਤੀਆਂ ਜ਼ਿੰਮੇਵਾਰ ਨਹੀਂ ਹਨ ਸਗੋਂ ਪੰਜਾਬ ਵਿਚਲੀ ਭ੍ਰਿਸ਼ਟਤਾ ਭਰੀ ਆਰਥਿਕ, ਸਿਆਸੀ ਅਤੇ ਸਮਾਜਕ ਸਥਿਤੀ ਜ਼ਿੰਮੇਵਾਰ ਹੈ। ਅਸੀਂ ਇੱਥੇ ਪੰਜਾਬ ਅਤੇ ਕਨੇਡਾ ਦੇ ਪੰਜਾਬੀਆਂ ਦੇ ਜੀਵਨ ਨੂੰ ਅਲਹਿਦਾ ਅਲਹਿਦਾ ਕਰਕੇ ਇਕ ਦੂਜੇ ਨੂੰ ਮਿਹਣੇ ਦੇਣ ਦੇ ਕਰਮ ਵਿਚ ਨਹੀਂ ਪੈਣਾ ਚਾਹੁੰਦੇ ਪਰ ਇਹ ਜ਼ਰੂਰ ਕਹਿਣਾ ਚਾਹੁੰਦੇ ਹਾਂ ਕਨੇਡਾ ਵਿਚਲੇ ਪੰਜਾਬੀਆਂ ਦੇ ਕਿੰਨੇ ਹੀ ਮਸਲੇ ਹਨ ਜਿਹਨਾਂ ਨੂੰ ਇਕੱਲੇ ਕਨੇਡਾ ਦੇ ਸੰਦਰਭ ਵਿਚ ਰੱਖ ਕੇ ਨਹੀਂ ਸਮਝਿਆ ਜਾ ਸਕਦਾ ਸਗੋਂ ਉਹਨਾਂ ਨੂੰ ਸਮਝਣ ਲਈ ਸਮੁੱਚੇ ਪੰਜਾਬੀ ਸਭਿਆਚਾਰ ਦੇ ਸੰਦਰਭ ਵਿਚ ਦੇਖਣਾ ਪਵੇਗਾ। ਜਿਹੜਾ ਵੀ ਲੇਖਕ ਇਹਨਾਂ ਮਸਲਿਆਂ ਨੂੰ ਇਕੱਲੇ ਕਨੇਡਾ ਦੇ ਸੰਦਰਭ ਵਿਚ ਰੱਖ ਕੇ ਦੇਖੇਗਾ, ਉਹ ਸਹੀ ਤਸਵੀਰ ਪੇਸ਼ ਕਰਨ ਦੀ ਥਾਂ ਅਧੂਰੀ ਤਸਵੀਰ ਹੀ ਪੇਸ਼ ਕਰ ਸਕੇਗਾ। ਇਸ ਨਾਟਕ ਵਿਚ ਵੀ ਅਜਿਹਾ ਹੀ ਹੋਇਆ ਹੈ।

**ਨਾਟਕ ਪਿੱਛੇ ਕੰਮ ਕਰਦੀ ਸੋਚ/ਵਿਚਾਰਧਾਰਾ**

ਜਿਵੇਂ ਅਸੀਂ ਪਹਿਲਾਂ ਮੰਨ ਚੁੱਕੇ ਹਾਂ ਕਿ ਅਸੀਂ ਆਤਮਜੀਤ ਨੂੰ ਇਕ ਇਮਾਨਦਾਰ ਤੇ ਸੁਹਿਰਦ ਨਾਟਕਕਾਰ ਮੰਨਦੇ ਹਾਂ। ਸਾਡੇ ਵਿਚਾਰ ਵਿਚ ਉਸ ਨੇ ਜੋ ਤਸਵੀਰ ਪੇਸ਼ ਕੀਤੀ ਹੈ ਉਹ ਕਨੇਡਾ ਦੇ ਪੰਜਾਬੀਆਂ ਬਾਰੇ ਉਸਦੀ ਆਪਣੀ ਪਹੁੰਚ ਅਨੁਸਾਰ ਬਣੀ ਤਸਵੀਰ ਹੈ। ਉਸ ਨੇ ਆਪਣੀ ਵਲੋਂ ਜੋ ਸਹੀ ਮਹਿਸੂਸ ਕੀਤਾ ਉਹ ਹੀ ਪੇਸ਼ ਕੀਤਾ ਹੈ। ਪਰ ਉਸਦੀ ਪੇਸ਼ ਕੀਤੀ ਤਸਵੀਰ ਅਤੇ ਸਾਨੂੰ ਸਾਡੀ ਆਪ ਦਿਸਦੀ ਤਸਵੀਰ ਵਿਚ ਏਨਾ ਫਰਕ ਕਿਉਂ ਹੈ? ਸੁਆਲ ਇਹ ਉੱਠਦਾ ਹੈ ਕਿ ਇਸ ਨਾਟਕ ਦੇ ਲੇਖਕ ਨੇ ਕਨੇਡਾ ਦੇ ਪੰਜਾਬੀਆਂ ਦੇ ਜੀਵਨ ਦੇ ਉੱਪਰ ਬਿਆਨੇ ਤੱਥਾਂ ਨੂੰ ਅੱਖੋਂ ਉਹਲੇ ਕਿਉਂ ਕੀਤਾ? ਇਹ ਗੱਲ ਸਮਝਣ ਲਈ ਸਾਨੂੰ ਇਸ ਨਾਟਕ ਦੇ ਪਿਛੋਕੜ ਵਿਚ ਕੰਮ ਕਰਦੀ ਸੋਚ/ਵਿਚਾਰਧਾਰਾ ਦੀ ਨਿਸ਼ਾਨਦੇਹੀ ਕਰਨੀ ਪਵੇਗੀ। ਇਕ ਲੇਖਕ ਕਿਸੇ ਸਮਾਜ ਜਾਂ ਭਾਈਚਾਰੇ ਨੂੰ ਕਿੰਨੇ ਹੀ ਵੱਖਰੇ ਵੱਖਰੇ ਪ੍ਰਾਪਤ ਨਜ਼ਰੀਏ ਜਾਂ ਦ੍ਰਿਸ਼ਟੀਕੋਣਾਂ ਨਾਲ ਦੇਖ ਸਕਦਾ ਹੈ। ਜਿਸ ਦ੍ਰਿਸ਼ਟੀਕੋਣ ਜਾਂ ਨਜ਼ਰੀਏ ਨਾਲ ਉਹ ਦੇਖੇਗਾ, ਉਸਦੇ ਅਨੁਸਾਰ ਸੱਚ ਉਸਨੂੰ ਦਿਖਾਈ ਦੇਵੇਗਾ। ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਕਿਸੇ ਰਚਨਾ ਵਿਚ ਪੇਸ਼ ਕੀਤੇ ਸੱਚ ਨੂੰ ਸਮਝਣ ਲਈ ਅਸੀਂ ਉਸ ਰਚਨਾ ਦੇ ਪਿਛੋਕੜ ਵਿਚ ਕੰਮ ਕਰਦੀ ਸੋਚ/ਵਿਚਾਰਧਾਰਾ ਨੂੰ ਜਾਣੀਏ। ਇਸ ਦੇ ਨਾਲ ਹੀ ਇਹ ਵੀ ਜਾਣੀਏ ਕਿ ਲੇਖਕ ਦੀਆਂ ਉਸ ਭਾਈਚਾਰੇ ਪ੍ਰਤੀ ਪੂਰਬ ਧਾਰਨਾਵਾਂ ਕੀ ਹਨ।

ਸਾਡੇ ਖਿਆਲ ਵਿਚ ਇਸ ਨਾਟਕ ਪਿੱਛੇ ਕੰਮ ਕਰਦੀ ਸੋਚ ਨੂੰ ਬਸਤੀਵਾਦੀਆਂ ਵਲੋਂ ਆਪਣੀਆਂ ਬਸਤੀਆਂ ਦੇ ਲੋਕਾਂ ਪ੍ਰਤਿ ਅਪਣਾਈ ਵਿਚਾਰਧਾਰਾ ਜਾਂ ਬਸਤੀਵਾਦੀ ਵਿਚਾਰਧਾਰਾ ਦਾ ਨਾਮ ਦਿੱਤਾ ਜਾ ਸਕਦਾ ਹੈ। ਬਸਤੀਵਾਦੀ ਵਿਚਾਰਧਾਰਾ ਨੂੰ ਹੋਂਦ ਵਿਚ ਆਉਣ ਲਈ ਸੈਂਕੜੇ ਵਰ੍ਹੇ ਲੱਗੇ ਅਤੇ ਸਮੇਂ ਸਮੇਂ ਇਸ ਸੋਚ/ਵਿਚਾਰਧਾਰਾ ਵਿਚ ਤਬਦੀਲੀਆਂ ਆਉਂਦੀਆਂ ਰਹੀਆਂ। ਇਸ ਸੋਚ/ਵਿਚਾਰਧਾਰਾ ਦੀਆਂ ਮੋਟੇ ਤੌਰ ਉੱਤੇ ਇਹ ਖਾਸੀਅਤਾਂ ਹਨ: 1) ਬਸਤੀਆਂ ਵਿਚ ਰਹਿਣ ਵਾਲੇ ਲੋਕ ਬਸਤੀਵਾਦੀ ਲੋਕਾਂ ਦੇ ਮੁਕਾਬਲੇ ਘਟੀਆ ਜਾਂ ਪੱਛੜੇ ਹੋਏ ਹਨ; 2) ਬਸਤੀਆਂ ਦੇ ਲੋਕ ਬਸਤੀਵਾਦੀ ਲੋਕਾਂ ਨਾਲੋਂ ਘੱਟ ਤਰਕ ਵਾਲੇ ਹਨ ਜਾਂ ਤਰਕ ਵਿਹੂਣੇ ਹਨ; 3) ਬਸਤੀਆਂ ਦੇ ਲੋਕ ਬਸਤੀਵਾਦੀ ਲੋਕਾਂ ਨਾਲੋਂ ਪਿਆਰ ਕਰਨ ਦੀ ਘੱਟ ਯੋਗਤਾ ਰੱਖਦੇ ਹਨ; 4) ਬਸਤੀਆਂ ਦੇ ਲੋਕਾਂ ਦਾ ਕੋਈ ਸਭਿਆਚਾਰ ਨਹੀਂ ਜਾਂ ਬਸਤੀਆਂ ਦੇ ਲੋਕਾਂ ਦਾ ਸਭਿਆਚਾਰ ਪਛੜਿਆ ਹੋਇਆ ਹੈ। ਇਸਦੇ ਨਾਲ ਬਸਤੀਆਂ ਦੇ ਲੋਕਾਂ ਦਾ ਕੋਈ ਇਤਿਹਾਸ ਨਹੀਂ ਜੋ ਇਹ ਦਰਸਾ ਸਕੇ ਕਿ ਉਹਨਾਂ ਨੇ ਵੀ ਸਮੇਂ ਸਮੇਂ ਆਪਣੇ ਆਲੇ ਦੁਆਲੇ ਦੀਆਂ ਹਾਲਤਾਂ ਨਾਲ ਸੰਘਰਸ਼ ਕੀਤਾ ਹੈ, ਲੜਾਈ ਲੜੀ ਹੈ; 5) ਬਸਤੀਆਂ ਦੇ ਲੋਕਾਂ ਕੋਲ ਆਪਣਾ ਕੋਈ ਗਿਆਨ ਨਹੀਂ ਜਾਂ ਬਸਤੀਆਂ ਦੇ ਲੋਕਾਂ ਦਾ ਗਿਆਨ ਪੁਰਾਣਾ ਅਤੇ ਰਵਾਇਤੀ ਕਿਸਮ ਦਾ ਹੈ; 6) ਬਸਤੀਆਂ ਦੇ ਲੋਕ ਬੱਚਿਆਂ ਵਰਗੇ ਹਨ; 7) ਬਸਤੀਆਂ ਦੇ ਲੋਕ ਆਪਣੇ ਮਸਲੇ ਆਪ ਨਜਿੱਠਣ ਦੇ ਕਾਬਲ ਨਹੀਂ ਹਨ; 8) ਜੇ ਬਸਤੀਆਂ ਦੇ ਲੋਕਾਂ ਅਤੇ ਬਸਤੀਆਂ ਨੇ ਤਰੱਕੀ ਕਰਨੀ ਹੈ ਤਾਂ ਉਹਨਾਂ ਨੂੰ ਬਸਤੀਵਾਦੀ ਲੋਕਾਂ ਉੱਤੇ ਨਿਰਭਰ ਹੋਣਾ ਪਵੇਗਾ ਆਦਿ। (ਇਹ ਜਾਣਕਾਰੀ ਜੇ ਐਮ ਬਲਾਟ ਦੀ ਪੁਸਤਕ ਦੀ ਕੌਲੋਨਾਈਜ਼ਰਜ਼ ਮਾਡਲ ਆਫ ਦਾ ਵਰਲਡ ’ਤੇ ਅਧਾਰਤ ਹੈ)

ਇਹਨਾਂ ਖਾਸੀਅਤਾਂ ਵਿਚੋਂ ਕਿੰਨੀਆਂ ਹੀ ਖਾਸੀਅਤਾਂ ਨਾਟਕ *ਕੈਮਲੂਪਸ ਦੀਆਂ ਮੱਛੀਆਂ* ਵਿਚ ਲੱਭੀਆਂ ਜਾ ਸਕਦੀਆਂ ਹਨ: 1) ਇਹ ਨਾਟਕ ਪੇਸ਼ ਕਰਦਾ ਹੈ ਕਿ ਕਨੇਡਾ ਦੇ ਪੰਜਾਬੀਆਂ ਕੋਲ ਕੋਈ ਗਿਆਨ ਨਹੀਂ। ਨਾਟਕ ਵਿਚਲਾ ਕਵੀ ਪਾਤਰ, ਜੋ

ਕਨੇਡਾ ਦੇ ਪੰਜਾਬੀ ਬੁੱਧੀਜੀਵੀਆਂ, ਲਿਖਾਰੀਆਂ ਦੇ ਪ੍ਰਤੀਨਿਧ ਵੱਜੋਂ ਦੇਖਿਆ ਜਾ ਸਕਦਾ ਹੈ, ਬੜੀਆਂ ਫਜ਼ੂਲ ਕਿਸਮ ਦੀਆਂ ਕਵਿਤਾਵਾਂ ਲਿਖਦਾ ਦਿਖਾਇਆ ਗਿਆ ਜਿਹਨਾਂ ਦਾ ਕਨੇਡਾ ਦੇ ਪੰਜਾਬੀਆਂ ਦੇ ਜੀਵਨ ਨਾਲ ਕੋਈ ਸੰਬੰਧ ਨਹੀਂ ਜਿਸ ਬਾਰੇ ਅਸੀਂ ਪਹਿਲਾਂ ਵਿਚਾਰ ਕਰ ਚੁੱਕੇ ਹਾਂ; 2) ਕਨੇਡਾ ਦੇ ਪੰਜਾਬੀਆਂ ਕੋਲ ਤਰਕ ਨਹੀਂ। ਇਸ ਹੀ ਕਾਰਨ ਇਸ ਨਾਟਕ ਵਿਚ ਉਹ ਆਪਣੀਆਂ ਸਮੱਸਿਆਵਾਂ ਨੂੰ ਤਰਕ ਪੂਰਨ ਢੰਗ ਨਾਲ ਵਿਚਾਰਨ ਦੀ ਥਾਂ ਰੋਈ ਜਾਂਦੇ ਹਨ; 3) ਕਨੇਡਾ ਦੇ ਪੰਜਾਬੀਆਂ ਦਾ ਸਭਿਆਚਾਰ ਮਰ ਚੁੱਕਾ ਹੈ। ਇਸ ਸੰਬੰਧ ਵਿਚ ਵੀ ਮਰ ਚੁੱਕੇ ਗੀਤ ਦੇ ਹਵਾਲੇ ਨਾਲ ਪਹਿਲਾਂ ਹੀ ਗੱਲ ਕੀਤੀ ਜਾ ਚੁੱਕੀ ਹੈ; 4) ਕਨੇਡਾ ਦੇ ਪੰਜਾਬੀ ਪਿਆਰ ਨਹੀਂ ਕਰ ਸਕਦੇ। ਉਹ ਸਿਰਫ ਮਸ਼ੀਨਾਂ ਬਣ ਗਏ ਹਨ ਅਤੇ ਉਹਨਾਂ ਦੇ ਬੱਚੇ ਉਹਨਾਂ ਦੇ ਪਿਆਰ ਤੋਂ ਵਾਂਝੇ ਰਹਿ ਗਏ ਹਨ। ਇਥੇ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਨਾਟਕ ਵਿਚ ਪੇਸ਼ ਕੀਤੇ ਇਸ ਦਾਅਵੇ ਵਿਚ ਕੁੱਝ ਹੱਦ ਤੱਕ ਸਚਾਈ ਹੈ। ਪਰ ਇਹ ਸਚਾਈ ਇਕੱਲੇ ਕਨੇਡਾ ਦੇ ਪੰਜਾਬੀਆਂ ਤੇ ਲਾਗੂ ਨਹੀਂ ਹੁੰਦੀ ਸਗੋਂ ਸਰਮਾਏਦਾਰੀ/ਖਪਤਕਾਰੀ ਸਮਾਜ ਵਿਚ ਰਹਿਣ ਵਾਲਾ ਹਰ ਨਾਗਰਿਕ ਇਸ ਦਾ ਸ਼ਿਕਾਰ ਹੈ। ਪਿਛਲੇ ਪੰਜ ਛੇ ਸਾਲਾਂ ਤੋਂ ਲਿਬਰਲਾਈਜੇਸ਼ਨ ਹੋਣ ਕਾਰਨ ਹਿੰਦੁਸਤਾਨ ਵਿਚ ਵੀ ਖਪਤਕਾਰੀ ਸਭਿਆਚਾਰ ਦਾ ਹਮਲਾ ਵਧਿਆ ਹੈ। ਇਸ ਹਮਲੇ ਅਧੀਨ ਪੰਜਾਬ ਦਾ ਮੱਧਵਰਗ (ਜਿਸ ਵਿਚ ਬਹੁਤੇ ਬੁੱਧੀਜੀਵੀ ਅਤੇ ਪ੍ਰੋਫੈਸਰ ਵੀ ਸ਼ਾਮਲ ਹਨ) ਵੀ ਇਕ ਚੂਹੇ ਦੌੜ ਵਿਚ ਸ਼ਾਮਲ ਹੋ ਗਿਆ ਹੈ। ਇਸ ਲਈ ਖਪਤਕਾਰੀ ਸਮਾਜ ਵਿਚ ਰਹਿ ਰਹੇ ਵਿਅਕਤੀ ਦੀ ਇਸ ਚੂਹੇ ਦੌੜ ਨੂੰ ਵੱਡੇ ਪ੍ਰਸੰਗ ਵਿਚ ਦੇਖਣ ਦੀ ਲੋੜ ਹੈ ਨਾ ਕਿ ਕਨੇਡਾ ਦੇ ਪੰਜਾਬੀਆਂ ਨੂੰ ਗੈਰ-ਮਨੁੱਖੀ ਸਾਬਤ ਕਰਨ ਲਈ ਜਿਵੇਂ ਕਿ ਇਸ ਨਾਟਕ ਵਿਚ ਕੀਤਾ ਗਿਆ ਹੈ।; 5) ਕਨੇਡਾ ਦੇ ਪੰਜਾਬੀਆਂ ਦਾ ਜਦੋਜਹਿਦ ਭਰਿਆ ਕੋਈ ਇਤਿਹਾਸ ਨਹੀਂ; 6) ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਕਨੇਡੀਅਨ ਪੰਜਾਬੀ ਪੰਜਾਬ ਵੱਲ ਤੱਕਦੇ ਹਨ।

ਬਸਤੀਵਾਦੀ ਲੋਕਾਂ ਵੱਲੋਂ ਬਸਤੀਆਂ ਦੇ ਲੋਕਾਂ ਦੇ ਜੀਵਨ ਨੂੰ ਉੱਪਰ ਦੱਸੇ ਢੰਗ ਨਾਲ ਪੇਸ਼ ਕਰਨ ਪਿੱਛੇ ਜੋ ਕਾਰਨ ਹੁੰਦਾ ਸੀ ਉਹ ਸੀ ਬਸਤੀਆਂ ਉੱਪਰ ਆਪਣੇ ਰਾਜ ਨੂੰ ਸਹੀ ਸਿੱਧ ਕਰਨਾ ਅਤੇ ਇਹ ਪੇਸ਼ ਕਰਨਾ ਕਿ ਬਸਤੀਆਂ ਦੇ ਲੋਕਾਂ ਨੂੰ ਬਸਤੀਵਾਦੀ ਗੋਰਿਆਂ ਦੀ ਲੋੜ ਹੈ। ਬਸਤੀਵਾਦੀ ਗੋਰੇ ਬਸਤੀਆਂ ਦੇ ਲੋਕਾਂ ਦੇ ਮਸਲਿਆਂ ਦਾ ਹੱਲ ਦੇ ਸਕਦੇ ਹਨ। ਉਹਨਾਂ ਦੀ ਜ਼ਿੰਦਗੀ ਨੂੰ ਉੱਨਤੀ ਅਤੇ ਖੁਸ਼ਹਾਲੀ ਵੱਲ ਲਿਜਾ ਸਕਦੇ ਹਨ। ਨਾਟਕ *ਕੈਮਲੂਪਸ ਦੀਆਂ ਮੱਛੀਆਂ* ਵੀ ਕੁੱਝ ਕੁੱਝ ਅਜਿਹਾ ਕਰਨ ਦੀ ਕੋਸ਼ਿਸ ਕਰ ਰਿਹਾ ਹੈ। ਇਹ ਨਾਟਕ ਵੀ ਇਹ ਸੁਝਾਉਂਦਾ ਹੈ ਕਿ ਕਨੇਡਾ ਦੇ ਪੰਜਾਬੀਆਂ ਨੂੰ ਦਰਪੇਸ਼ ਮਸਲਿਆਂ ਦੇ ਹੱਲ ਪੰਜਾਬ ਰਹਿੰਦੇ ਬੁੱਧੀਜੀਵੀਆਂ, ਸਾਹਿਤਕਾਰਾਂ ਅਤੇ ਨਾਟਕਕਾਰਾਂ ਦੇ ਕੋਲ ਹਨ। ਅਜਿਹਾ ਸਿੱਧ ਕਰਨ ਲਈ ਇਹ ਜ਼ਰੂਰੀ ਸੀ ਕਿ ਕਨੇਡਾ ਦੇ ਪੰਜਾਬੀਆਂ ਦੇ ਸਾਹਿਤ, ਗਿਆਨ, ਸਿਆਸੀ ਜਦੋਜਹਿਦ ਦੇ ਇਤਿਹਾਸ ਅਤੇ ਬੌਧਿਕਤਾ ਨੂੰ ਨਕਾਰਿਆ ਜਾਵੇ। ਅਤੇ ਸਾਡੇ ਵਿਚਾਰ ਵਿਚ ਇਸ ਨਾਟਕ ਨੇ ਅਜਿਹਾ ਹੀ ਕੀਤਾ ਹੈ।

ਇੱਥੇ ਨਾਟਕਕਾਰ ਦੀ ਕਨੇਡਾ ਦੇ ਪੰਜਾਬੀਆਂ ਬਾਰੇ ਬਣੀ ਪੂਰਬ ਧਾਰਨਾ ਨੂੰ ਜਾਣ ਲੈਣਾ ਵੀ ਜ਼ਰੂਰੀ ਹੈ ਜਿਸ ਵਾਸਤੇ ਅਸੀਂ ਨਾਟਕਕਾਰ ਵੱਲੋਂ ਹਿੰਦੁਸਤਾਨ ਟਾਈਮਜ਼ ਵਿਚ ਚਮਨ ਆਹੂਜਾ ਨੂੰ ਦਿੱਤੀ ਇੰਟਰਵੀਊ ਵਿਚੋਂ ਕੁੱਝ ਹਿੱਸੇ ਪੇਸ਼ ਕਰਾਂਗੇ। ਇਸ ਇੰਟਰਵੀਊ ਵਿਚ ਨਾਟਕਕਾਰ ਕਨੇਡਾ ਦੇ ਪੰਜਾਬੀਆਂ ਬਾਰੇ ਇਸ ਤਰ੍ਹਾਂ ਕਹਿੰਦਾ ਹੈ: "ਸੱਠਵਿਆਂ ਅਤੇ ਸੱਤਰਵਿਆਂ ਵਿਚ ਕਨੇਡਾ ਜਾਣ ਵਾਲੇ ਪੰਜਾਬੀਆਂ ਵਿਚੋਂ ਬਹੁਤੇ ਗਰੀਬ, ਅਨਪੜ੍ਹ, ਹਲਵਾਹਕ ਜਾਂ ਬੇਹੁਨਰੇ ਮਜ਼ਦੂਰ ਸਨ ਜਿਹੜੇ ਹਿੰਦੁਸਤਾਨ ਵਿਚ ਭੁੱਖੇ ਮਰ ਰਹੇ ਸਨ।" ਇਸ ਹੀ ਇੰਟਰਵੀਊ ਵਿਚ ਨਾਟਕਕਾਰ ਅਗਾਂਹ ਕਹਿੰਦਾ ਹੈ, "ਮੈਂ ਨਸਲਵਾਦ ਬਾਰੇ ਬਹੁਤ ਕੁੱਝ ਸੁਣਦਾ ਹੁੰਦਾ ਸੀ; ਪਰ ਮੈਨੂੰ ਉੱਥੇ ਅਜਿਹਾ ਕੁੱਝ ਨਹੀਂ ਦਿਸਿਆ।"

ਪਹਿਲੀ ਗੱਲ, ਜੇ ਅਸੀਂ ਕਨੇਡਾ ਵਿਚ ਪੰਜਾਬੀਆਂ ਦੇ ਆਵਾਸ ਦੇ ਇਤਿਹਾਸ ਨੂੰ ਤੱਥਾਂ ਦੇ ਆਧਾਰ ਉੱਤੇ ਦੇਖੀਏ ਤਾਂ ਸਾਨੂੰ ਇਹ ਪਤਾ ਲੱਗਦਾ ਹੈ ਕਿ ਕਨੇਡਾ ਵਿਚ 1970ਵਿਆਂ ਵਿਚ ਆਉਣ ਵਾਲੇ ਪੰਜਾਬੀਆਂ ਵਿਚੋਂ ਬਹੁਗਿਣਤੀ ਪੜ੍ਹੀ ਲਿਖੀ ਸੀ। ਬਹੁਤੇ ਲੋਕ ਕਾਲਜਾਂ-ਯੂਨੀਵਰਸਿਟੀਆਂ ਵਿਚੋਂ ਪੜ੍ਹਦੇ ਇੱਥੇ ਆਏ ਸਨ। ਕਿੰਨੇ ਹੀ ਲੋਕ ਅਧਿਆਪਕ, ਛੋਟੇ ਅਫਸਰ ਸਨ ਅਤੇ ਕਿੰਨੇ ਹੀ ਲੋਕ ਸਰਕਾਰੀ ਨੌਕਰੀਆਂ ਕਰਦੇ ਆਏ ਸਨ। 1970ਵਿਆਂ ਵਿਚ ਆਏ ਬਹੁਤੇ ਲੋਕਾਂ ਦਾ ਪਿਛੋਕੜ ਪੇਂਡੂ ਸੀ (ਇਸ ਤਰ੍ਹਾਂ ਲੱਗਦਾ ਹੈ ਕਿ ਆਤਮਜੀਤ ਹੋਰੀਂ ਪੇਂਡੂ ਹੋਣ ਨੂੰ ਅਨਪੜ੍ਹ ਹੋਣਾ ਸਮਝ ਰਹੇ ਹਨ) ਅਤੇ ਇਹਨਾਂ ਵਿਚੋਂ ਬਹੁਤੇ ਛੋਟੀ ਜਾਂ ਦਰਮਿਆਨੀ ਕਿਸਾਨੀ ਨਾਲ ਸੰਬੰਧਿਤ ਸਨ। ਇਹ ਸੱਚ ਹੈ ਕਿ ਇਹਨਾਂ ਵਿਚੋਂ ਬਹੁਤੇ ਲੋਕਾਂ ਦੀਆਂ ਆਰਥਿਕ ਮੁਸ਼ਕਿਲਾਂ ਸਨ ਅਤੇ ਉਨ੍ਹਾਂ ਦਾ ਏਥੇ ਆਉਣ ਦਾ ਮੁੱਖ ਕਾਰਨ ਆਰਥਿਕ ਹੀ ਹੈ ਪਰ ਉਹ ਭੁੱਖੇ ਸ਼ਾਇਦ ਨਾ ਮਰਦੇ ਹੋਣ - ਭੁੱਖੇ ਵਾਸਤੇ ਹਵਾਈ ਜਹਾਜ਼ ਦੀ ਟਿਕਟ ਖ਼ੀਦ ਸਕਣਾ ਸੰਭਵ ਨਹੀਂ ਹੁੰਦਾ। ਜੇ ਪੰਜਾਬ ਵਿਚ ਵਸਦੇ ਪੰਜਾਬੀਆਂ ਅਤੇ ਕਨੇਡਾ ਵਿਚ ਵਸਦੇ ਪੰਜਾਬੀਆਂ ਵਿਚਕਾਰ ਪੜ੍ਹੇ ਲਿਖੇ ਲੋਕਾਂ ਦੇ ਅਨੁਪਾਤ ਦਾ ਮੁਕਾਬਲਾ ਕਰਨਾ ਹੋਵੇ ਤਾਂ ਕਨੇਡਾ ਹਰ ਹਾਲਤ ਵਿਚ ਉੱਤੇ ਆਵੇਗਾ, ਜਾਣੀ ਕਿ ਇਥੇ ਪੜ੍ਹੇ ਲਿਖੇ ਪੰਜਾਬੀਆਂ ਦਾ ਅਨੁਪਾਤ ਪੰਜਾਬ ਨਾਲੋਂ ਜ਼ਿਆਦਾ ਹੈ।

ਨਸਲਵਾਦ ਦੇ ਸੰਬੰਧ ਵਿਚ ਅਸੀਂ ਏਨਾ ਹੀ ਕਹਿਣਾ ਚਾਹਾਂਗੇ ਕਿ ਆਪਣੇ ਮੇਜ਼ਬਾਨਾਂ ਦੀ ਛਤਰ ਛਾਇਆ ਹੇਠ ਕੁੱਝ ਮਹੀਨੇ ਕਨੇਡਾ ਫਿਰ ਕੇ ਤੁਹਾਨੂੰ ਕਨੇਡਾ ਵਿਚਲੇ ਨਸਲਵਾਦ ਦੇ ਦਰਸ਼ਨ ਨਹੀਂ ਹੋ ਸਕਦੇ। ਹਾਂ ਜੇ ਤੁਸੀਂ ਏਥੇ ਆਪਣੀ ਜ਼ਿੰਦਗੀ ਨੂੰ ਜੀਣ ਲਈ ਲੋੜੀਂਦੇ ਤਰੱਦਦ ਖੁਦ ਆਪਣੇ ਸਿਰ ਤੇ ਕਰੋ ਤਾਂ ਤੁਸੀਂ ਪਹਿਲੇ ਮਹੀਨੇ ਹੀ ਨਸਲਵਾਦ ਦੇ ਕਈ ਚਿਹਰੇ ਦੇਖ ਸਕੋਗੇ। ਅਸੀਂ ਏਥੇ ਇਸ ਇੰਟਰਵੀਊ ਵਿੱਚੋਂ ਦੋ ਬਿਆਨ ਹੀ ਪੇਸ਼ ਕੀਤੇ ਹਨ ਪਰ ਅਸਲ ਵਿਚ ਇਹ ਸਾਰੀ ਇੰਟਰਵੀਊ ਹੀ ਪੜ੍ਹਨ ਵਾਲੀ ਹੈ। ਇਸ ਇੰਟਰਵੀਊ ਦਾ 70-80 ਪ੍ਰਤੀਸ਼ੱਤ ਹਿੱਸਾ ਕਨੇਡਾ ਦੇ ਪੰਜਾਬੀਆਂ ਦੇ ਜੀਵਨ ਬਾਰੇ ਗਲਤ ਕਿਸਮ ਦੀਆਂ ਪੂਰਬ ਧਾਰਨਾਵਾਂ ਅਤੇ ਬਿਆਨਾਂ ਨਾਲ ਭਰਿਆ ਪਿਆ ਹੈ। ਉਦਾਹਰਣ ਵਜੋਂ, ਉਹ ਕਨੇਡਾ ਵਿਚ ਪੰਜਾਬੀਆਂ ਦੀ ਵਸੋਂ ਬਾਰੇ ਇਕ ਬੜੀ ਦਿਲਚਸਪ ਪਰ ਅਜੀਬੋ ਗਰੀਬ ਧਾਰਨਾ ਪੇਸ਼ ਕਰਦਾ ਹੈ:

"ਵੈਨਕੂਵਰ ਦੇ ਕਿਸਾਨਾਂ ਅਤੇ ਟਰਾਂਟੋ ਦੇ ਸਨਅਤੀ ਕਾਮਿਆਂ ਦੇ ਮੁਕਾਬਲੇ ਤੇਲ ਨਾਲ ਭਰਪੂਰ ਕੈਲਗਰੀ ਅਤੇ ਐਡਮੰਟਨ ਦੇ ਇਲਾਕਿਆਂ ਦੀ ਕਮਿਊਨਿਟੀ ਐਡਵਾਂਸਡ ਹੈ; ਇਸੇ ਤਰ੍ਹਾਂ ਸੋਚਣ ਵਾਲੇ (ਥਿੰਕਿੰਗ) ਪੰਜਾਬੀ ਸੈਸਕਾਟੂਨ ਵਿਚ ਰਹਿੰਦੇ ਹਨ। (Against the farmers in Vancouver and industrial labour in Toronto, in the oil-rich region of Calgary and Edmonton, the community is comparitively advanced; likewise, thinking Punjabis are settled in Saskatoon).

ਇਸ ਉਪਰਲੀ ਧਾਰਨਾ ਦਾ ਕੀ ਆਧਾਰ ਹੈ? "ਐਡਵਾਂਸਡ" ਤੋਂ ਆਤਮਜੀਤ ਦਾ ਕੀ ਭਾਵ ਹੈ? ਇਹ ਤਾਂ ਆਤਮਜੀਤ ਹੀ ਦੱਸ ਸਕਦਾ ਹੈ। ਪਰ ਅਸੀਂ ਅਜੇ ਤੱਕ ਆਪਣੇ ਆਪ ਨੂੰ ਇਸ ਤਰੀਕੇ ਨਾਲ ਨਹੀਂ ਦੇਖਿਆ ਸੀ। ਹੁਣ ਇਸ ਦੇ ਸਿੱਟੇ ਵਜੋਂ ਜਾਂ ਤਾਂ ਅਸੀਂ ਉਸ ਦੀ ਧਾਰਨਾ ਨੂੰ ਸੱਚ ਮੰਨ ਲਵਾਂਗੇ ਤੇ ਆਸ ਕਰਾਂਗੇ ਕਿ ਕਦੋਂ ਸੈਸਕਾਟੂਨ ਵਿਚੋਂ "ਐਡਵਾਂਸਡ" ਤੇ ਥਿੰਕਿੰਗ" ਪੰਜਾਬੀ ਆ ਕੇ ਸਾਡੀ ਅਗਵਾਈ ਕਰਦੇ ਹਨ ਤੇ ਜਾਂ ਆਪਸ ਵਿਚ ਲੜਨਾ ਸ਼ੁਰੂ ਕਰ ਦੇਵਾਂਗੇ ਕਿ ਸਾਡੇ ਵਿਚੋਂ ਕੌਣ "ਐਡਵਾਂਸਡ" ਹੈ ਤੇ ਕੌਣ ਨਹੀਂ – ਬਸਤੀਵਾਦੀਆਂ ਦੀ ਪੁਰਾਣੀ ਚਾਲ ਵਰਗੀ ਗੱਲ ਬਣੇਗੀ ਕਿ ਨਹੀਂ। ਖੈਰ...

ਸਾਡੇ ਖਿਆਲ ਵਿਚ ਇਸ ਨਾਟਕ ਵਿਚ ਕਨੇਡੀਅਨ ਪੰਜਾਬੀਆਂ ਦੀ ਅਧੂਰੀ ਅਤੇ ਚਿੱਬ-ਖੜੱਬੀ ਤਸਵੀਰ ਪੇਸ਼ ਕਰਨ ਵਿਚ ਨਾਟਕਕਾਰ ਦੀਆਂ ਇਹਨਾਂ ਪੂਰਬ ਧਾਰਨਾਵਾਂ ਦਾ ਵੱਡਾ ਹੱਥ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਨਾਟਕਕਾਰ ਨੇ ਕਨੇਡਾ ਦੇ ਪੰਜਾਬੀਆਂ ਦੇ ਜੀਵਨ ਦੇ ਸਿਰਫ ਉਸ ਸੱਚ ਨੂੰ ਹੀ ਨਾਟਕ ਵਿਚ ਪੇਸ਼ ਕੀਤਾ ਹੈ ਜੋ ਉਹਨਾਂ ਪੂਰਬ ਧਾਰਨਾਵਾਂ ਨੂੰ ਸਹੀ ਸਿੱਧ ਕਰੇ।

ਬਦੇਸ਼ਾਂ ਵਿਚ ਵਸਦੇ ਪੰਜਾਬੀਆਂ ਬਾਰੇ ਇਸ ਤਰ੍ਹਾਂ ਦੀ ਸੋਚ/ਵਿਚਾਰਧਾਰਾ ਇਕੱਲੇ ਆਤਮਜੀਤ ਦੀ ਹੀ ਨਹੀਂ ਸਗੋਂ ਪੰਜਾਬ 'ਚ ਰਹਿ ਰਹੇ ਬਹੁਗਿਣਤੀ ਬੁੱਧੀਜੀਵੀਆਂ/ਆਲੋਚਕਾਂ/ਲੇਖਕਾਂ ਦੀ ਹੈ। ਦੁੱਖ ਦੀ ਗੱਲ ਇਹ ਹੈ ਕਿ ਉਹ ਬਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੇ ਜੀਵਨ ਨੂੰ ਸੁਹਿਰਦਤਾ ਨਾਲ ਸਮਝ ਕੇ ਆਪਣੀ ਇਸ ਸੋਚ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਕਰਨ ਲਈ ਤਿਆਰ ਨਹੀਂ ਜਾਪਦੇ। ਇਸ ਸੰਬੰਧ ਵਿਚ ਸੰਨ 1991 ਵਿਚ ਸੁਖਵੰਤ ਹੁੰਦਲ ਦੀ ਪੰਜਾਬ ਫੇਰੀ ਦੌਰਾਨ ਵਾਪਰੀ ਇਕ ਘਟਨਾ ਪੇਸ਼ ਹੈ। ਇਸ ਫੇਰੀ ਦੌਰਾਨ ਸੁਖਵੰਤ ਹੁੰਦਲ ਨੂੰ ਲੁਧਿਆਣੇ ਪੰਜਾਬੀ ਸਾਹਿਤ ਅਕਾਦਮੀ ਦੀ ਬਿਲਡਿੰਗ ਵਿਚ ਕੁੱਝ ਲੇਖਕਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਇਸ ਗੱਲਬਾਤ ਦੌਰਾਨ ਸੰਤ ਸਿੰਘ ਸੇਖੋਂ ਵੀ ਸ਼ਾਮਲ ਸਨ। ਬਦੇਸ਼ਾਂ ਵਿਚ ਵਸਦੇ ਪੰਜਾਬੀਆਂ ਬਾਰੇ ਚਲ ਰਹੀ ਗੱਲਬਾਤ ਦੌਰਾਨ ਸੁਖਵੰਤ ਹੁੰਦਲ ਨੇ ਸੁਝਾਅ ਦਿੱਤਾ ਕਿ ਆਵਾਸ ਦਾ ਮਸਲਾ ਇਕ ਗੁੰਝਲਦਾਰ ਮਸਲਾ ਹੈ ਅਤੇ ਇਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਕੰਮ ਕਰ ਰਹੇ ਆਰਥਿਕ, ਸਿਆਸੀ ਅਤੇ ਸਮਾਜਕ ਪ੍ਰਬੰਧ ਨਾਲ ਬੱਝਾ ਹੋਇਆ ਹੈ। ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਇਸਦਾ ਗੰਭੀਰਤਾ ਨਾਲ ਅਧਿਅਨ ਕਰੀਏ। ਇਸ ਅਧਿਅਨ ਵਿਚ ਪੰਜਾਬ ਦੀਆਂ ਯੂਨੀਵਰਸਿਟੀਆਂ ਨੂੰ ਆਪਣਾ ਬਣਦਾ ਹਿੱਸਾ ਪਾਉਣਾ ਚਾਹੀਦਾ ਹੈ। ਇਸ ਸੁਝਾਅ ਦੇ ਜੁਆਬ ਵਿਚ ਸੰਤ ਸਿੰਘ ਸੇਖੋਂ ਹੁਰਾਂ ਨੇ ਜੋ ਕੁੱਝ ਕਿਹਾ ਉਸਦਾ ਸਾਰ ਇਹ ਬਣਦਾ ਸੀ: ਆਵਾਸ ਬਾਰੇ ਗੰਭੀਰ ਅਧਿਅਨ ਕਰਨ ਦੀ ਕੋਈ ਲੋੜ ਨਹੀਂ। ਉਹਨਾਂ (ਪੰਜਾਬ ਵਸਦੇ ਬੁੱਧੀਜੀਵੀਆਂ/ਲੇਖਕਾਂ) ਨੂੰ ਪਤਾ ਹੈ ਕਿ ਅਸੀਂ (ਬਦੇਸ਼ਾਂ ਵਿਚ ਵਸਦੇ ਪੰਜਾਬੀ) ਪੰਜਾਬ ਛੱਡ ਕੇ ਬਦੇਸ਼ਾਂ ਵਿਚ ਕਿਉਂ ਆਏ ਹਾਂ। ਉਹਨਾਂ ਅਨੁਸਾਰ ਅਸੀਂ ਲਾਲਚ ਕਰਕੇ ਪੰਜਾਬ ਛੱਡਿਆ ਹੈ। ਸੰਤ ਸਿੰਘ ਸੇਖੋਂ ਹੁਰਾਂ ਵੱਲੋਂ ਕਹੀ ਇਸ ਗੱਲ ਨਾਲ ਪੰਜਾਬ ਦੇ ਬਹੁਤੇ ਬੁੱਧੀਜੀਵੀ/ਲੇਖਕ ਸਹਿਮਤ ਜਾਪਦੇ ਹਨ। ਉਹਨਾਂ ਵਿਚੋਂ ਕਈ "ਲਾਲਚ" ਦੀ ਧਾਰਨਾ ਨੂੰ ਅਤਿ ਤੱਕ ਲੈ ਜਾਂਦੇ ਹਨ ਅਤੇ ਬਦੇਸ਼ਾਂ ਵਿਚ ਗਏ ਪੰਜਾਬੀਆਂ ਨੂੰ "ਭਗੌੜੇ" ਕਰਾਰ ਦੇਣ ਤੱਕ ਜਾਂਦੇ ਹਨ। ਜਦੋਂ ਕਿਸੇ ਵਿਅਕਤੀ ਜਾਂ ਵਿਅਕਤੀ ਸਮੂਹ ਨੂੰ ਲਾਲਚੀ ਅਤੇ ਭਗੌੜਾ ਮੰਨ ਲਿਆ ਜਾਵੇ ਤਾਂ ਉਸ ਨਾਲ ਕੀਤੇ ਜਾਣ ਵਾਲੇ ਵਰਤਾਅ ਜਾਂ ਉਸ ਬਾਰੇ ਕੀਤੀ ਜਾਣ ਵਾਲੇ ਨਿਰੀਖਣ (ਅਬਜ਼ਰਬੇਸ਼ਨ) ਲਈ ਕੋਈ ਵੱਡੀ ਗੁੰਜਾਇਸ਼ ਨਹੀਂ ਰਹਿੰਦੀ। ਉਸਨੂੰ ਸਿਰਫ ਸਜ਼ਾ ਹੀ ਸੁਣਾਈ ਜਾ ਸਕਦੀ ਹੈ ਜਾਂ ਉਸਨੂੰ ਦੁਖੀ ਹਾਲਤ ਵਿਚ ਹੀ ਕਿਆਸਿਆ ਜਾ ਸਕਦਾ ਹੈ। ਇਹੋ ਕੁੱਝ ਹੀ ਪੰਜਾਬ ਦੇ ਬੁੱਧੀਜੀਵੀ/ਲੇਖਕ ਬਦੇਸ਼ਾਂ ਵਿਚ ਵਸਦੇ ਪੰਜਾਬੀਆਂ ਨਾਲ ਕਰ ਰਹੇ ਹਨ। ਪੰਜਾਬ ਵਿਚ ਵਸਦੇ ਬੁੱਧੀਜੀਵੀਆਂ/ਲੇਖਕਾਂ ਵਲੋਂ ਅਤਿ ਦੀ ਪੱਧਰ ਉੱਤੇ ਵਾਰ ਵਾਰ ਬਦੇਸ਼ਾਂ ਵਿਚ ਵਸਦੇ ਪੰਜਾਬੀਆਂ ਵਲੋਂ ਆਪਣੇ ਬੱਚੇ ਗੁਆ ਲੈਣ ਦੀ ਗੱਲ ਕਰਨਾ ਜਾਂ ਨਿਰੀਖਣ ਕਰ ਅਜਿਹਾ ਨਤੀਜਾ ਕੱਢਣਾ, ਲਾਲਚੀ ਅਤੇ ਭਗੌੜਿਆਂ ਨੂੰ ਸਜ਼ਾ ਸੁਣਾਉਣ ਦੀ ਆਸਵੰਦ ਸੋਚ ਵਿਚੋਂ ਹੀ ਉਪਜੀ ਹੋਈ ਗੱਲ ਜਾਪਦੀ ਹੈ।

**ਅੰਤਿਕਾ**

ਸਾਡੇ ਵਿਚਾਰ ਵਿਚ ਪੰਜਾਬ ਦੇ ਬੁੱਧੀਜੀਵੀ ਬਾਹਰ ਵਸਦੇ ਪੰਜਾਬੀਆਂ ਬਾਰੇ ਬਣੀਆਂ ਆਪਣੀਆਂ ਪੂਰਬ ਧਾਰਨਾਵਾਂ ਅੰਦਰ ਬੁਰੀ ਤਰ੍ਹਾਂ ਗ੍ਰਸੇ ਹੋਏ ਹਨ। ਸੰਕਟ ਵਾਲੀ ਸਥਿਤੀ ਇਹ ਹੈ ਕਿ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਤੱਕ ਨਹੀਂ। ਇਹਨਾਂ ਪੂਰਬ ਧਾਰਨਾਵਾਂ ਦੇ ਆਧਾਰ 'ਤੇ ਉਹ ਸਾਡੀ ਦੁੱਖਾਂ-ਭਰੀ ਤਸਵੀਰ ਬਣਾ ਲੈਂਦੇ ਹਨ ਤੇ ਫੇਰ ਉਸ ਉੱਪਰ ਫਿਕਰ ਕਰਦੇ ਹਨ। ਸਾਡੀ ਸਥਿਤੀ ਉੱਪਰ ਆਪ ਰੋਂਦੇ ਹਨ ਤੇ ਸਾਨੂੰ ਰੋਂਦੇ ਸਿਰਜਦੇ ਹਨ। ਨਾਟਕ *ਕੈਮਲੂਪਸ ਦੀਆਂ ਮੱਛੀਆਂ* ਇਸ ਦੀ ਤਾਜ਼ਾ ਅਤੇ ਢੁਕਵੀਂ ਉਦਾਹਰਣ ਹੈ। ਇਸ ਵਿਚ ਸ਼ੱਕ ਨਹੀਂ ਕਿ ਆਤਮਜੀਤ ਨੇ ਨਾਟਕ ਲਿਖਣ ਤੋਂ ਪਹਿਲਾਂ ਆਪਣੀ ਕਨੇਡਾ ਫੇਰੀ ਦੌਰਾਨ ਏਥੋਂ ਦੀਆਂ ਸਥਿਤੀਆਂ ਨੂੰ ਦੇਖਣ ਸਮਝਣ ਦਾ ਯਤਨ ਕੀਤਾ ਪਰ ਆਪਣੀਆਂ ਪੂਰਬ ਧਾਰਨਾਵਾਂ ਕਾਰਨ ਉਹ ਏਥੋਂ ਦੇ ਜੀਵਨ ਨੂੰ ਸਮਝਣ ਤੋਂ ਅਸਮਰੱਥ ਰਿਹਾ ਹੈ। ਨਤੀਜੇ ਵਜੋਂ ਨਾਟਕ ਵਿਚ ਨਾਟਕਕਾਰ ਦੇ ਮਨ ਵਿਚ ਪਹਿਲਾਂ ਵਸੀ ਤਸਵੀਰ ਹੀ ਪੇਸ਼ ਹੋਈ ਹੈ ਨਾ ਕਿ ਏਥੇ ਵਸਦੇ ਪੰਜਾਬੀਆਂ ਦਾ ਜੀਵਨ।

ਇਨ੍ਹਾਂ ਪੂਰਬ ਧਾਰਨਾਵਾਂ ਦੇ ਲਗਾਤਾਰ ਕਾਇਮ ਰਹਿਣ ਪਿੱਛੇ ਪ੍ਰਮੁੱਖ ਕਾਰਨ ਪੰਜਾਬ ਵਸਦੇ ਬੁੱਧੀਜੀਵੀਆਂ ਦੀ ਬਸਤੀਵਾਦੀ ਸੋਚ ਹੈ। ਇਸ ਬਸਤੀਵਾਦੀ ਸੋਚ ਕਾਰਨ ਆਤਮਜੀਤ ਨੇ *ਕੈਮਲੂਪਸ ਦੀਆਂ ਮੱਛੀਆਂ* ਵਿਚ ਕਨੇਡਾ ਦੇ ਪੰਜਾਬੀਆਂ ਦੇ

ਇਤਿਹਾਸ, ਗਿਆਨ, ਸਾਹਿਤ ਅਤੇ ਬੌਧਿਕ ਸੋਚ ਨੂੰ ਨਕਾਰਿਆ ਹੈ। ਅਜਿਹਾ ਕਰਕੇ ਉਸ ਨੇ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਕਨੇਡਾ ਦੇ ਪੰਜਾਬੀਆਂ ਨੂੰ ਆਪਣੇ ਜੀਵਨ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਪੰਜਾਬ ਵਸਦੇ ਲੇਖਕਾਂ/ਬੁੱਧੀਜੀਵੀਆਂ ਦੀ ਸਿਆਣਪ ਉੱਤੇ ਨਿਰਭਰ ਹੋਣ ਦੀ ਲੋੜ ਹੈ ਜੋ ਇਕ ਬਸਤੀਵਾਦੀ ਸੋਚ ਦਾ ਪ੍ਰਮਾਣ ਹੈ ਜਿਵੇਂ ਕਿ ਅਸੀਂ ਪਹਿਲਾਂ ਵਿਚਾਰਿਆ ਹੈ।

ਅਜਿਹੀ ਸੋਚ ਬਾਹਰ ਵਸਦੇ ਪੰਜਾਬੀਆਂ ਨੂੰ ਪੰਜਾਬ ਵਸਦੇ ਪੰਜਾਬੀਆਂ ਤੋਂ ਥੱਲੇ ਦੇ ਦਰਜੇ ਤੇ ਰੱਖਦੀ ਹੈ ਅਤੇ ਅੱਜ ਦੇ ਸੰਦਰਭ ਵਿਚ ਇਸ ਕਿਸਮ ਦੀ ਦਰਜਾਬੰਦੀ ਨਾ ਤਾ ਸਹੀ ਹੈ ਤਾ ਹੀ ਕਿਸੇ ਨੂੰ ਪ੍ਰਵਾਨ। ਸਾਡੇ ਖਿਆਲ ਵਿਚ ਪੰਜਾਬੀ ਸੋਚ ਇਸ ਉੱਪਰ ਵਿਚਾਰੇ ਸੰਕਟ ਦੀ ਸ਼ਿਕਾਰ ਹੈ ਜਿਸਨੂੰ ਪਛਾਨਣਾ ਸਮੇਂ ਦੀ ਜ਼ਰੂਰਤ ਹੈ।

ਅੱਜ ਪੰਜਾਬੀ ਸਭਿਆਚਾਰ ਉੱਪਰ ਗਲੋਬਲ ਪੱਧਰ ਤੇ ਵਾਪਰ ਰਹੀਆਂ ਤਕਨੀਕੀ ਤਬਦੀਲੀਆਂ ਦਾ ਤੇਜ਼ੀ ਨਾਲ ਅਸਰ ਪੈ ਰਿਹਾ ਹੈ। ਇਨ੍ਹਾਂ ਤਬਦੀਲੀਆਂ ਦੇ ਕਾਰਨ ਪੰਜਾਬੀ ਸਭਿਆਚਾਰ ਹੁਣ ਪਹਿਲਾਂ ਵਾਲਾ ਸਭਿਆਚਾਰ ਨਹੀਂ ਰਿਹਾ ਤੇ ਨਾ ਹੀ ਰਹਿ ਸਕਦਾ ਹੈ। ਜਿੱਥੇ ਪੰਜਾਬ ਤੋਂ ਬਾਹਰ ਵਸਦੇ ਬਹੁਤੇ ਲੋਕਾਂ ਉੱਪਰ ਸਨਅਤੀ ਸਮਾਜ ਜਾਂ ਪੂੰਜੀਵਾਦੀ ਸਮਾਜ ਦੇ ਮਾਰੂ ਅਸਰ ਪਹਿਲਾਂ ਹੀ ਪ੍ਰਤੱਖ ਦੇਖੇ ਜਾ ਸਕਦੇ ਹਨ ਉੱਥੇ ਹੁਣ ਪੰਜਾਬ ਵਸਦੇ ਪੰਜਾਬੀ ਵੀ ਇਸਦੀ ਮਾਰ ਥੱਲੇ ਆ ਗਏ ਹਨ ਤੇ ਉਨ੍ਹਾਂ ਦਾ ਜੀਵਨ ਵੀ ਹੁਣ ਕਦੇ ਪਹਿਲਾਂ ਵਾਲਾ ਨਹੀਂ ਰਹੇਗਾ। ਦੂਜੀ ਗੱਲ ਇਹ ਕਿ ਪੰਜਾਬੀ ਹੁਣ ਦੁਨੀਆਂ ਦੇ ਸੌ ਸਵਾ ਸੌ ਮੁਲਕਾਂ ਵਿਚ ਵਸਦੇ ਹਨ। ਹੁਣ ਸਥਿਤੀ ਅੱਜ ਤੋਂ ਚਾਲੀ ਪੰਜਾਹ ਵਰ੍ਹੇ ਪਹਿਲਾਂ ਵਾਲੀ ਨਹੀਂ। ਹੁਣ ਇਹ ਪੰਜਾਬੀ ਪਹਿਲਾਂ ਵਾਂਗ ਨਾ ਤਾਂ ਪੰਜਾਬ ਨਾਲੋਂ ਟੁੱਟਦੇ ਹਨ ਤੇ ਨਾ ਹੀ ਇਕ ਦੂਜੇ ਨਾਲੋਂ। ਜਿਸ ਤਰ੍ਹਾਂ ਪੰਜਾਬ ਦੀਆਂ ਸਥਿਤੀਆਂ ਬਾਹਰ ਵਸਦੇ ਪੰਜਾਬੀਆਂ ਦੇ ਜੀਵਨ ਉੱਪਰ ਅਸਰ ਕਰਦੀਆਂ ਹਨ ਉਸੇ ਤਰ੍ਹਾਂ ਸਾਊਥਹਾਲ, ਵੈਨਕੂਵਰ ਜਾਂ ਟਰਾਂਟੋ ਦੀਆਂ ਸਥਿਤੀਆਂ ਪੰਜਾਬ ਵਸਦੇ ਪੰਜਾਬੀਆਂ ਦੇ ਜੀਵਨ ਉੱਪਰ ਅਸਰ ਪਾ ਰਹੀਆਂ ਹਨ। ਇਹ ਅਸਰ ਆਰਥਿਕ, ਸਿਆਸਤ ਤੇ ਸਭਿਆਚਾਰ ਦੇ ਪਹਿਲੂਆਂ ਵਿਚ ਸਪੱਸ਼ਟ ਦੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਨਾਲ ਪੰਜਾਬੀ ਇਕ ਨਵੇਂ ਯਥਾਰਥ ਵਿਚ ਜੀ ਰਹੇ ਹਨ ਜਿਹੜਾ ਅੱਜ ਤੋਂ ਕੁਝ ਸਮਾਂ ਪਹਿਲਾਂ ਕਿਆਸ ਕੀਤਾ ਜਾ ਸਕਣਾ ਸੰਭਵ ਨਹੀਂ ਸੀ।

ਇਸ ਲਈ ਹੁਣ ਜਦੋਂ ਕੋਈ ਪੰਜਾਬੀ ਲੇਖਕ/ਨਾਟਕਕਾਰ/ਬੁੱਧੀਜੀਵੀ ਦੁਨੀਆਂ ਦੇ ਕਿਸੇ ਇਕ ਹਿੱਸੇ ਵਿਚ ਵਸਦੇ ਪੰਜਾਬੀਆਂ ਦੇ ਜੀਵਨ ਬਾਰੇ ਕੋਈ ਰਚਨਾ ਕਰਦਾ ਹੈ ਤਾਂ ਉਸ ਲਈ ਜ਼ਰੂਰੀ ਹੈ ਕਿ ਉਹ ਗਲੋਬਲ ਪੱਧਰ ਉੱਤੇ ਵਿਚਰਦੇ ਪੰਜਾਬੀ ਸਭਿਆਚਾਰ ਨੂੰ ਧਿਆਨ ਵਿਚ ਰੱਖੇ। ਜੇ ਉਹ ਅਜਿਹਾ ਨਹੀਂ ਕਰੇਗਾ ਤਾਂ ਉਹ ਉਹਨਾਂ ਪੰਜਾਬੀਆਂ ਦੇ ਜੀਵਨ ਦੀ ਸਹੀ ਤਸਵੀਰ ਪੇਸ਼ ਕਰਨ ਵਿਚ ਅਸਫਲ ਰਹੇਗਾ, ਜਿਸ ਤਰ੍ਹਾਂ ਨਾਟਕ *ਕੈਮਲੂਪਸ ਦੀਆਂ ਮੱਛੀਆਂ* ਵਿਚ ਹੋਇਆ ਹੈ।

ਅਖੀਰ ਵਿਚ ਅਸੀਂ ਇਕ ਵਾਰ ਫੇਰ ਦੁਹਰਾਉਣਾ ਚਾਹੁੰਦੇ ਹਾਂ ਕਿ ਸਮੇਂ ਦੀ ਇਹ ਜ਼ੋਰਦਾਰ ਮੰਗ ਹੈ ਕਿ ਪੰਜਾਬ ਦੇ ਬੁੱਧੀਜੀਵੀ ਅਤੇ ਉੱਚੀ ਪੱਧਰ ਦੇ ਵਿਦਿਅਕ ਅਦਾਰੇ ਸਮੇਂ ਦੇ ਹਾਣੀ ਬਣਨ। ਪੰਜਾਬੀਆਂ ਦੇ ਆਵਾਸ ਦੇ ਮਸਲੇ ਦਾ ਸੰਜੀਦਾ ਪੱਧਰ 'ਤੇ ਅਧਿਅਨ ਅਰੰਭਣਾ ਚਾਹੀਦਾ ਹੈ। ਇਸ ਮਸਲੇ ਦੇ ਇਤਿਹਾਸਕ, ਆਰਥਿਕ, ਭੁਗੋਲਿਕ, ਸਮਾਜਿਕ, ਗੱਲ ਕੀ ਹਰ ਪਹਿਲੂ ਉੱਪਰ ਬਾਕਾਇਦਾ ਖੋਜ ਹੋਣੀ ਚਾਹੀਦੀ ਹੈ। ਨਾਲ ਹੀ ਜਿਨ੍ਹਾਂ ਮੁਲਕਾਂ ਵਿਚ ਪੰਜਾਬੀ ਵਸਦੇ ਹਨ ਉਨ੍ਹਾਂ ਦੇ ਉਥੋਂ ਦੇ ਜੀਵਨ ਬਾਰੇ ਵੀ ਪੰਜਾਬ ਦੇ ਅਦਾਰਿਆਂ ਵਲੋਂ ਮੌਲਿਕ ਖੋਜ ਕਰਵਾਈ ਜਾਣੀ ਚਾਹੀਦੀ ਹੈ। ਇਸ ਖੋਜ ਵਿਚ ਦੂਜੇ ਮੁਲਕਾਂ ਦੇ ਅਦਾਰਿਆਂ ਵਲੋਂ ਆਵਾਸ ਸੰਬੰਧੀ ਹੋ ਰਹੀ ਖੋਜ ਦਾ ਅਧਿਅਨ ਵੀ ਸ਼ਾਮਲ ਹੋਣਾ ਚਾਹੀਦਾ ਹੈ। ਇਸ ਖੋਜ ਦਾ ਮਾਧਿਅਮ ਪੰਜਾਬੀ ਬੋਲੀ ਹੋਣਾ ਚਾਹੀਦਾ ਹੈ। ਇਹ ਇਸ ਲਈ ਜ਼ਰੂਰੀ ਹੈ ਕਿ ਹੁਣ ਤੱਕ ਪੰਜਾਬੀ ਵਿਚ ਜੋ ਦੇਖਣ ਪੜ੍ਹਨ ਨੂੰ ਮਿਲਦਾ ਹੈ ਉਸ ਵਿਚ ਬਹੁਤਾ ਹਿੱਸਾ ਬਾਹਰ ਗੇੜਾ ਮਾਰ ਗਏ ਲੇਖਕਾਂ ਦੀਆਂ ਜਾਤੀ ਰਾਵਾਂ ਹੀ ਹਨ। ਤੇ ਜਿਸ ਕਿਸਮ ਦੇ ਸਰਾਪੇ ਸਮੇਂ ਵਿਚ ਦੀ ਪੰਜਾਬੀ ਸਾਹਿਤ ਤੇ ਸਾਹਿਤਕਾਰ ਵਿਚਰ ਰਹੇ ਹਨ (ਜਾਣੀ ਕਿ ਜਿੱਥੇ ਮਾਣ ਸਨਮਾਨ, ਆਪਣੇ ਆਪ ਵਿਚ ਇਕ ਬਹੁਤ ਹੀ ਲੋੜੀਂਦਾ ਤੇ ਸੁਖਾਵਾਂ ਕਰਤੱਵ, ਇਕ ਕੈਂਸਰ ਦਾ ਰੋਗ ਬਣ ਜਾਵੇ) ਉੱਥੇ ਪੰਜਾਬੀ ਲੇਖਕ ਜਿਸ ਕਿਸਮ ਦੀ ਤੇ ਜਿਸ ਤਰ੍ਹਾਂ ਰਾਏ ਬਣਾਉਂਦੇ ਹਨ ਉਸ ਉੱਪਰ ਬਹੁਤਾ ਵਿਸ਼ਵਾਸ ਕੀਤਾ ਜਾ ਸਕਣਾ ਸੰਭਵ ਨਹੀਂ। ਇਸ ਕਰਕੇ ਸਾਡੇ ਸਾਰਿਆਂ ਦੀ ਭਲਾਈ ਵਾਸਤੇ ਇਹ ਜ਼ਰੂਰੀ ਹੈ ਕਿ ਪੰਜਾਬ ਵਸਦੇ ਪੰਜਾਬੀਆਂ ਕੋਲ ਪਰਵਾਸੀਆਂ ਦੇ ਜੀਵਨ ਬਾਰੇ ਸਹੀ ਕਿਸਮ ਦੀ ਤੇ ਪੰਜਾਬੀਆਂ ਦੇ ਆਪਣੇ ਕੋਣ ਤੋਂ ਕਰਵਾਈ ਗਈ ਮੌਲਿਕ ਖੋਜ ਹੋਵੇ। ਨਾਲ ਹੀ ਬਾਹਰ ਵਸ ਰਹੇ ਪੰਜਾਬੀਆਂ ਵਲੋਂ ਇਨ੍ਹਾਂ ਮਸਲਿਆਂ ਸੰਬੰਧੀ ਜੋ ਕੰਮ ਕੀਤਾ ਜਾ ਰਿਹਾ ਹੈ ਉਸਨੂੰ ਮਾਨਤਾ ਦੇਣੀ ਚਾਹੀਦੀ ਹੈ। ਪੰਜਾਬੀ ਬੋਲੀ ਤੋਂ ਬਾਹਰ ਹੋ ਰਹੇ ਕੰਮ ਨੂੰ ਵੀ ਗੌਲ਼ਿਆ ਜਾਣਾ ਚਾਹੀਦਾ ਹੈ। ਇਕ ਦੂਜੇ ਤੋਂ ਸਿੱਖਣ ਸਮਝਣ ਦਾ ਅਮਲ ਚੱਲਣਾ ਚਾਹੀਦਾ ਹੈ। ਹੁਣ ਦੀ ਸਥਿਤੀ ਕੁਝ ਇਸ ਤਰ੍ਹਾਂ ਦੀ ਹੈ ਕਿ ਪੰਜਾਬ ਵਸਦਾ ਹਰ ਕੋਈ ਬਾਹਰ ਵਸਣ ਵਾਲਿਆਂ ਨੂੰ ਮੱਤਾਂ ਦੇਣ ਲਈ ਤਿਆਰ ਰਹਿੰਦਾ ਹੈ। ਤੇ ਪਰਵਾਸੀ ਜੀਵਨ ਬਾਰੇ ਅਧਿਅਨ ਬਾਹਰ ਲਿਖੀ ਜਾ ਰਹੀ ਕਵਿਤਾ ਕਹਾਣੀ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਜਾਪਦਾ ਹੈ। ਜਦੋਂ ਪੰਜਾਬੀ ਵਿਚ ਇਸ ਕਿਸਮ ਦੀ ਉੱਚ ਪੱਧਰੀ ਖੋਜ ਉਪਲੱਬਧ ਹੋਵੇਗੀ ਤਾਂ ਫੇਰ ਲੇਖਕ ਜਾਂ ਨਾਟਕਕਾਰ ਪਰਵਾਸੀ ਪੰਜਾਬੀਆਂ ਬਾਰੇ ਕੁਝ ਲਿਖਣਾ ਜਾਂ ਕਹਿਣਾ ਚਾਹੁਣ ਤਾਂ ਉਨ੍ਹਾਂ ਨੂੰ ਇਕ ਦੂਜੇ ਦੀਆਂ ਜਾਤੀ ਰਾਵਾਂ ਉੱਪਰ ਹੀ ਟੇਕ ਨਹੀਂ ਰੱਖਣੀ ਪਵੇਗੀ। ਅਜਿਹਾ ਹੋਣ ਤੇ ਸੰਭਵ ਹੈ ਕਿ ਬਾਹਰ ਵਸਦੇ ਪੰਜਾਬੀਆਂ ਦੀ ਤਸਵੀਰ ਨਾਟਕ *ਕੈਮਲੂਪਸ ਦੀਆਂ ਮੱਛੀਆਂ* ਵਿਚ ਪੇਸ਼ ਕੀਤੀ ਤਸਵੀਰ ਨਾਲੋਂ ਵੱਖਰੀ ਹੋਵੇ। ●